# ਚਿੜੀਆਂ



ਪਰਮਜੀਤ ਪੰਮਾ ਪੇਂਟਰ

# ਚਿੜੀਆਂ

ਪਰਮਜੀਤ ਪੰਮਾ

ਚਿੜੀਆਂ ਚੋਗ ਚੁਗੇਂਦੀਆਂ ਰਹਿਣਾ, ਅੱਜ ਇੱਥੇ ਕੱਲ੍ਹ ਓਥੇ,
ਆਪਣਾ ਆਲ੍ਹਣਾ ਕਦੇ ਨਾ ਮਿਲਿਆ, ਸਾਰੇ ਦਾਅਵੇ ਥੋਥੇ।

# ਚਿੜੀਆਂ

(ਮਿੰਨੀ ਕਹਾਣੀ ਸੰਗ੍ਰਹਿ)

*ਪਰਮਜੀਤ ਪੰਮਾ ਪੇਂਟਰ*

**ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ**

Chirian
(book of short stories)
Paramjit pamma painter
vill & po jangliana
Distt. Hoshiarpur
Ph. 01884-244085(Resi)
mobile-98721-20494

**ਚਿੜੀਆਂ**
(ਮਿੰਨੀ ਕਹਾਣੀ ਸੰਗ੍ਰਹਿ)
ਲੇਖਕ: ਪਰਮਜੀਤ ਪੰਮਾ ਪੇਂਟਰ
ਪਿੰਡ ਤੇ ਡਾਕ: ਜਾਂਗਲੀਆਣਾ
ਜਿਲ੍ਹਾ: ਹੁਸ਼ਿਆਰਪੁਰ-146103
ਫ਼ੋਨ: 01884-244085 (ਘਰ)
ਮੋਬਾਇਲ: 98721-20494

ਪਹਿਲੀ ਵਾਰ: ਜਨਵਰੀ 2006

® ਲੇਖਕ

ਟਾਈਟਲ: ਅਮਿੱਤ ਮਿੱਤਰ

ਛਾਪਕ: ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।

ਕੀਮਤ: 30/-ਪੇਪਰ ਬੈਕ
50/-ਸਜਿਲਦ

ਪ੍ਰਕਾਸ਼ਕ:
ਵਿਸ਼ਵਭਾਰਤੀ ਪ੍ਰਕਾਸ਼ਨ,
ਕੱਚਾ ਕਾਲਜ ਰੋਡ, ਬਰਨਾਲਾ।
ਫ਼ੋਨ: 01679-2333244 ਫੈਕਸ: 241744
email : anu_bni@yahoo.com
www.thepunjabi.com

## ਸਮਰਪਣ

ਉਨ੍ਹਾਂ
ਕੁਝ ਕੁ ਪਾਕ
ਰੂਹਾਂ ਨੂੰ
ਜੋ ਸਦਾ ਦੂਜਿਆਂ
ਦਾ ਭਲਾ
ਮੰਗਦੀਆਂ
ਹਨ

## ਚਿੜੀਆਂ ਦੀ ਪਰਵਾਜ਼

ਆਧੁਨਿਕ ਮਿੰਨੀ ਕਹਾਣੀ ਗਾਲਪਾਨਿਕ ਅਥਵਾ ਰਚਨਾਤਮਕ ਸਾਹਿਤ ਦਾ ਇਕ ਨਰੋਆ ਸੁਤੰਤਰ ਅਤੇ ਮਹੱਤਵਪੂਰਨ ਰੂਪ ਹੈ। ਇਸ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਕਿ ਮਿੰਨੀ ਕਹਾਣੀ ਕਈ 'ਉਤਾਂਹ ਚੜ੍ਹਾ' ਵੇਖਣ ਤੋਂ ਬਾਅਦ , ਇਕ ਵੱਖਰੀ ਵਿਧਾ ਵਜੋਂ ਸਵੀਕਾਰੀ ਗਈ ਹੈ। ਅਥਵਾ ਮਿੰਨੀ ਕਹਾਣੀ ਕਿਸੇ ਤਰ੍ਹਾਂ ਵੀ ਹੋਰਨਾ ਵਰਗੀ ਨਹੀਂ, ਸਗੋਂ ਇਸ ਦੀ ਇਕ ਵੱਖਰੀ ਹੀ ਰੂਪਾਕਾਰਕ ਹੋਂਦ ਹੈ।

ਪੰਜਾਬੀ ਮਿੰਨੀ ਕਹਾਣੀ ਦਾ ਵਿਕਾਸ ਉਤਸ਼ਾਹ ਜਨਕ ਅਤੇ ਪ੍ਰਭਾਵਸ਼ਾਲੀ ਹੈ। ਪੰਜਾਬੀ ਦੇ ਸਮੂਹ ਅਖ਼ਬਾਰ ਮੈਗਜ਼ੀਨ ਉਚੇਚੇ ਤੌਰ 'ਤੇ ਮਿੰਨੀ ਕਹਾਣੀ ਛਾਪ ਰਹੇ ਹਨ। ਸਾਹਿਤਕ ਮੈਗਜ਼ੀਨ ਸਮੇਂ ਸਮੇਂ 'ਮਿੰਨੀ ਕਹਾਣੀ ਵਿਸ਼ੇਸ਼ ਅੰਕ' ਪ੍ਰਕਾਸ਼ਿਤ ਕਰ ਰਹੇ ਹਨ। ਸੋ, ਇਸ ਵਿਚ ਕੋਈ ਅਤਕੱਥਨੀ ਨਹੀਂ ਕਿ ਪੰਜਾਬੀ ਵਿਚ ਅੱਜ ਸਭ ਤੋਂ ਵੱਧ, ਸਭ ਤੋਂ ਪਹਿਲਾਂ ਪੜ੍ਹੀ ਜਾਣ ਵਾਲੀ ਮਿੰਨੀ ਕਹਾਣੀ ਹੀ ਹੈ। ਪੰਜਾਬੀ ਵਿਚ ਹੁਣ ਅਨੇਕਾਂ ਮਿੰਨੀ ਕਹਾਣੀ ਲੇਖਕ ਹਨ। ਜਿਨ੍ਹਾਂ ਦੇ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। ਪੰਜਾਬੀ ਮਿੰਨੀ ਕਹਾਣੀ ਦੀਆਂ ਸੰਭਾਵਨਾਵਾਂ ਆਸ਼ਾ ਜਨਕ ਹਨ।

ਇਸ ਸਭ ਕਾਸੇ ਦੇ ਬਾਵਜੂਦ ਮਿੰਨੀ ਕਹਾਣੀ ਦਾ ਆਲੋਚਕਾਂ ਦੇ ਨੱਕ ਥੱਲੇ ਨਾ ਆਉਣਾ, ਅਥਵਾ ਮਿੰਨੀ ਕਹਾਣੀ ਪ੍ਰਤੀ ਅਲੋਚਕਾਂ ਦੀ ਲਾਪ੍ਰਵਾਹੀ ਤੇ ਗੰਭੀਰ ਪਾਠਕ ਵਰਗ ਦਾ ਮਿੰਨੀ ਕਹਾਣੀ ਤੋਂ 'ਮੋਹ ਭੰਗ' ਹੋ ਜਾਣ ਦਾ ਮੁੱਖ ਕਾਰਨ ਹੈ ਕਿ ਬਹੁਤੇ ਮਿੰਨੀ ਕਹਾਣੀ ਲੇਖਕ(ਖ਼ਾਸ ਕਰਕੇ ਨਵੇਂ) ਬਹੁਤਾ ਲਿਖਣ ਛਪਣ ਦੀ ਲਾਲਸਾ ਵਿਚ ਸੱਤਹੀ ਪੱਧਰ ਦੀਆਂ, ਚੁਟਕਲਾ/ਖ਼ਬਰਨਾਮਾ ਨੁਮਾ ਕਹਾਣੀਆਂ ਧੜਾ ਧੜ ਲਿਖ ਰਹੇ ਹਨ। ਉਹ ਮਿੰਨੀ ਕਹਾਣੀ ਲਿਖਣ ਨੂੰ ਬੜਾ ਆਸਾਨ ਕੰਮ ਸਮਝਦੇ ਹਨ। ਉਹ ਘਿਸੇ ਪਿਟੇ ਵਿਸ਼ਿਆਂ ਦਾ ਦੁਹਰਾਉ ਕਰਕੇ ਮਿੰਨੀ ਕਹਾਣੀ ਨਾਲ ਬਲਾਤਕਾਰ ਕਰ ਰਹੇ ਹਨ, ਨਾ ਕਿ ਮਿੰਨੀ ਕਹਾਣੀ ਦੀ ਸਿਰਜਣਾ.......।

ਮਿੰਨੀ ਕਹਾਣੀ, ਸਾਹਿਤ ਦੇ ਹੋਰ ਰੂਪਾਂ ਦੀ ਸਿਰਜਣਾ ਵਾਂਗ, ਮਿਹਨਤ, ਲਗਨ, ਅਧਿਐਨ, ਅਨੁਭਵ ਅਤੇ ਤਪੱਸਿਆ ਦੀ ਮੰਗ ਕਰਦੀ ਹੈ। ਕਿਸੇ ਘਟਨਾ ਦਾ ਸਿੱਧਾ ਸਾਦਾ ਵਰਨਣ ਜਾਂ ਇੱਕ ਦੋ ਸਤਰਾਂ ਦੀ ਟਿੱਪਣੀ ਮਿੰਨੀ ਕਹਾਣੀ ਨਹੀਂ ਹੋ ਸਕਦੀ। ਇਕ ਸਫਲ ਮਿੰਨੀ ਕਹਾਣੀ ਲਈ ਇਹ ਅਵਸ਼ਕ ਹੈ ਕਿ ਕਿਸੇ ਘਟਨਾ ਦਾ ਚਿਤ੍ਰਣ ਸੰਖੇਪ ਪਰ ਸੁਹਜਮਈ ਕਥਾ ਸ਼ੈਲੀ ਦੁਆਰਾ ਕੀਤਾ ਜਾਵੇ, ਜਿਸ ਵਿਚੋਂ 'ਕਥਾ ਰਸ' ਸਹਿਜ ਰੂਪ ਵਿਚ ਪ੍ਰਗਟ ਹੋਵੇ।

ਪੰਜਾਬੀ ਮਿੰਨੀ ਕਹਾਣੀ ਵਿਚ ਕੁੱਝ ਸਰਗਰਮ ਹਸਤਾਖਰ ਹਨ। ਜੋ ਮਿੰਨੀ ਕਹਾਣੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਅਤੇ ਸਾਹਿਤਕ ਅੰਬਰ ਵਿਚ 'ਧਰੂ ਤਾਰੇ' ਵਾਂਗ ਚਮਕਦੀ ਵੇਖਣ ਲਈ, ਬੜੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਕੰਮ ਕਰ ਰਹੇ

ਹਨ। ਉਨ੍ਹਾਂ 'ਚੋਂ ਇਕ ਹੈ, ਹੋਣਹਾਰ ਨੌਜਵਾਨ ਉਭਰਦਾ ਮਿੰਨੀ ਕਹਾਣੀ ਕਾਰ ਪੰਮਾ ਪੇਂਟਰ ਜਾਂਗਲੀਵਾਲ। ਪੰਮਾ ਪੇਂਟਰ ਸਿਰਫ ਮਿੰਨੀ ਕਹਾਣੀ ਲੇਖਕ ਹੀ ਨਹੀਂ , ਸਗੋਂ ਉਹ ਇਕ ਚੰਗਾ, ਅਗਾਂਹਵਧੂ ਸਫਲ ਗੀਤਕਾਰ ਵੀ ਹੈ। ਜਿਸਦੇ ਦਰਜਨਾਂ ਗੀਤ, ਚੋਟੀ ਦੇ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋ ਚੁੱਕੇ ਹਨ। ਉਸਨੇ ਸਮਾਜਿਕ ਕੁਰੀਤੀਆਂ ਤੇ ਲੱਚਰਤਾ ਦੇ ਵਿਰੋਧ ਵਿਚ ਢੇਰ ਸਾਰੇ ਲੇਖ ਵੀ ਲਿਖੇ ਹਨ। ਸਫ਼ਰਨਾਮਾ ਤੇ ਕਹਾਣੀਆਂ ਲਿਖਣ ਦੇ ਨਾਲ ਨਾਲ ਉਸਨੇ 'ਬਾਲ ਸਾਹਿਤ' ਦੀ ਵੀ ਵਾਹਵਾ ਰਚਨਾ ਕੀਤੀ ਹੈ। ਪਰ ਉਹ ਮਿੰਨੀ ਕਹਾਣੀ ਨੂੰ ਸਮਰਪਿਤ ਲੇਖਕ ਹੈ।

ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ, ਦੇ ਕਥਨ ਅਨੁਸਾਰ, ਪੰਮਾ ਪੇਂਟਰ ਸਬੂਤੇ ਕਦਮੀਂ, ਸਾਹਿਤਕ ਖੇਤਰ ਵਿਚ, ਆਪਣਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ 'ਚਿੜੀਆਂ' ਲੈ ਕੇ, ਪਾਠਕਾਂ ਦੇ ਰੂ-ਬ-ਰੂ ਹੋਇਆ ਹੈ। ਅੱਲਾ ਮੀਆਂ! ਖ਼ੈਰ ਕਰੀਂ.....।

ਹੱਥਲੇ ਮਿੰਨੀ ਸੰਗ੍ਰਹਿ ਦਾ ਨਾਂ ਚਿੜੀਆਂ ਪੜ ਕੇ ਮੈਂ ਦੁਚਿੱਤੀ ਜਿਹੀ ਵਿਚ ਪੈ ਗਿਆ। ਸੋਚਿਆ, ਨਾਂਅ ਕੁੱਛ 'ਨਿਰਾਸ਼ਾਵਾਦੀ' ਅਤੇ 'ਵਿਚਾਰਾ' ਜਿਹਾ ਲੱਗਦਾ ਹੈ। ਚਿੜੀਆਂ ਤਾਂ ਚਿੜੀਆਂ ਹੁੰਦੀਆਂ। ਸਾਡਾ ਸਮਾਜ, ਕੁੜੀਆਂ, ਚਿੜੀਆਂ, ਘੁੱਗੀਆਂ ਤੇ ਗਊਆਂ ਨੂੰ ਵਿਚਾਰੀਆਂ, ਨਾਹੋਈਆਂ ਤੇ ਤਰਸ ਦੀਆਂ ਪਾਤਰ ਕਰਕੇ ਹੀ ਜਾਣਦੈ.....। ਖੈਰ....। 'ਚਿੜੀਆਂ' ਕਹਾਣੀ ਪੜੀ ਤਾਂ ਮੈਂ ਸੁੰਨ ਜਿਹਾ ਹੋ ਗਿਆ। ਵਾਹ! ਇਹ ਚਿੜੀਆਂ ਤਾਂ 'ਬਾਜ਼ਾਂ' ਨੂੰ ਵੀ ਮਾਤ ਪਾਉਂਦੀਆਂ। ਹਰ ਖੇਤਰ 'ਚ ਸਫਲ ਉਡਾਣ ਭਰਨ ਵਾਲੀਆਂ ਚਿੜੀਆਂ, ਚਿੜੀਆਂ ਨਹੀਂ ਹੋ ਸਕਦੀਆਂ। 'ਚਿੜੀਆਂ' ਕਹਾਣੀ ਪੜ੍ਹਨ ਤੋਂ ਬਾਅਦ ਤੁਸੀਂ ਵੀ ਮੇਰੇ ਨਾਲ ਸਹਿਮਤ ਹੋਵੋਗੇ.....।

'ਚਿੜੀਆਂ' ਦੀ ਪ੍ਰਵਾਜ਼ ਸੰਗ, ਪ੍ਰਵਾਜ਼ ਭਰਦਿਆਂ, ਅਥਵਾ ਕਹਾਣੀ ਸੰਗ੍ਰਹਿ 'ਚਿੜੀਆਂ' ਦਾ ਪਾਠ ਕਰਦਿਆਂ ਮੈਂ ਮਹਿਸੂਸ ਕੀਤਾ ਕਿ ਪੰਮਾ ਮਿੰਨੀ ਕਹਾਣੀ ਲਿਖਣ ਵਿਚ ਪੂਰਾ ਨਿਪੁੰਨ ਅਤੇ ਵਾਹਵਾ ਸੁਚੇਤ ਹੈ।

'ਚਿੜੀਆਂ' ਕਹਾਣੀ ਸੰਗ੍ਰਹਿ ਦੀਆਂ ਮਿੰਨੀ ਕਹਾਣੀਆਂ ਨੂੰ ਵਿਸ਼ਾ ਵਸਤੂ ਦੀ ਦ੍ਰਿਸ਼ਟੀ ਤੋਂ ਕਈ ਵਰਗਾਂ ਵਿਚ ਵੰਡ ਸਕਦੇ ਹਾਂ। ਲੇਖਕੇ ਨੇ ਵੰਨ ਸੁਵੰਨੇ ਵਿਸ਼ਿਆਂ ਨੂੰ ਬਾਖੂਬੀ ਨਿਭਾਇਆ ਹੈ। ਇਕੋ ਵਿਸ਼ੇ ਨਾਲ ਸਬੰਧਿਤ ਕਹਾਣੀਆਂ ਨੂੰ ਵੱਖ ਵੱਖ ਕੋਣਾਂ ਤੋਂ ਚਿਤਰਿਆਂ ਹੈ। ਸਮਾਜਿਕ ਤ੍ਰਾਸਦੀ, ਮਾਨਵੀ ਮਨੋਂ ਅਵੱਸਥਾ, ਅੰਤਰ ਮਨ ਦੀਆਂ ਜੱਟਿਲ ਸਮੱਸਿਆਵਾਂ ਅਤੇ ਦਿਸਦੇ ਸੰਸਾਰ ਦੇ ਯਥਾਰਥ ਨੂੰ ਬਰੀਕਬੀਨੀ ਨਾਲ ਸਿਰਜਿਆ ਹੈ।

ਅੰਤ ਵਿਚ ਕਿਸੇ ਵੀ ਕਹਾਣੀ ਦੀ ਚੀਰਫਾੜ ਸਮੀਖਿਆ ਕਰਨ ਤੋਂ ਗੁਰੇਜ਼ ਕਰਦਾ ਹੋਇਆ, ਪਾਠਕ ਵਰਗ ਨੂੰ ਸੁਝਾਅ ਦਿੰਦਾ ਹਾਂ ਕਿ ਚਿੜੀਆਂ ਸੰਗ ਪ੍ਰਵਾਜ਼ ਜ਼ਰੂਰ ਭਰਨੀ......। ਤੇ ਇਕ ਹੋਰ ਗੱਲ ਨਿਰਸੰਕੋਚ ਕਹਿਣੀ ਚਾਹੁੰਦਾ ਹਾਂ, ਕਿ 'ਚਿੜੀਆਂ' ਮਿੰਨੀ ਕਹਾਣੀ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ 'ਉੱਚਪਾਏ' ਦੀਆਂ ਹਨ। ਸ਼ਰੀਕ ਦੀ 'ਬੋਲੀ' ਵਾਂਗੂੰ ਤੇ ਖੜੱਪੇ ਦੇ ਡੰਗ ਵਾਂਗੂੰ ਤੱਤੀ ਫੱਟੀ ਅਸਰ ਕਰਨ ਵਾਲੀਆਂ......।
18-10-2005

-ਪ੍ਰੀਤ ਨੀਤਪੁਰ
ਡਾਕ: ਬਾੜੀਆਂ ਕਲਾਂ
ਜ਼ਿਲ੍ਹਾ ਹੁਸ਼ਿਆਰਪੁਰ

## ਕਰਮਯੋਗੀ ਲੇਖਕ ਪੰਮਾ ਪੇਂਟਰ

ਇਕ ਸਾਧਾਰਨ ਪਰਿਵਾਰ ਵਿਚੋਂ ਉਠ ਕੇ ਲਿਖਣ ਦੇ ਰਾਹ ਤੇ ਤੁਰਨਾ ਕੰਡਿਆਂ ਤੇ ਤੁਰਨ ਦੇ ਬਰਾਬਰ ਹੈ, ਪਰ ਇਹ ਜ਼ੇਰਾ ਕੀਤਾ ਹੈ ਪਰਮਜੀਤ ਪੰਮਾ ਪੇਂਟਰ ਨੇ। ਉਹ ਪਿਤਾ ਸ. ਹਰਭਜਨ ਸਿੰਘ ਅਤੇ ਮਾਤਾ ਕਾਂਤਾ ਰਾਣੀ ਦੇ ਘਰ ਮਿਤੀ 11-5-1971 ਨੂੰ ਜਨਮਿਆ ਸੀ। ਚਾਰ ਭੈਣਾਂ ਭਰਾਵਾਂ ਵਿਚੋਂ ਉਹ ਸਭ ਤੋਂ ਵੱਡਾ ਹੈ। ਪਰਮਜੀਤ ਪੰਮਾ ਪੇਂਟਰ ਨੇ ਇਹ ਤੱਥ ਸੱਚ ਕਰਕੇ ਵਿਖਾ ਦਿਤਾ ਕਿ ਜੇ ਬੰਦੇ ਦੇ ਮਨ ਵਿਚ ਕੁਝ ਕਰਨ ਦੀ ਚੰਗਿਆੜੀ ਸੁਲਘ ਪਵੇ ਤਾਂ ਉਸ ਨੂੰ ਭਾਂਬੜ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਉਹ 1987 ਤੋਂ ਲਗਾਤਾਰ ਸਾਹਿਤਕ ਖੇਤਰ ਵਿਚ ਜੁੜਿਆ ਹੋਇਆ ਹੈ। ਉਸ ਨੂੰ ਬਹੁਵਿਧਾਵੀ ਲੇਖਕ ਕਹਿਣਾ ਕੋਈ ਅੱਤਕਥਨੀ ਨਹੀਂ ਕਿਉਂ ਕਿ ਉਹ ਇੱਕੋ ਵੇਲੇ ਮਿੰਨੀ ਕਹਾਣੀ, ਗੀਤ, ਬਾਲ ਸਾਹਿਤ, ਸਫਰਨਾਵੇਂ, ਲੱਚਰਤਾ ਵਿਰੋਧੀ ਲੇਖ, ਕਵਿਤਾਵਾਂ ਆਦਿ ਤੇ ਕਲਮ ਅਜਮਾਈ ਕਰਦੈ। ਉਸਦੇ ਗੀਤ ਕੈਸਿਟਾਂ ਵਿਚ ਰਿਕਾਰਡ ਵੀ ਹੋਏ ਹਨ।

ਉਹ ਆਪਣੀਆਂ ਲਿਖਤਾਂ ਤੋਂ ਇਲਾਵਾਂ ਦੂਜੇ ਦੀਆਂ ਲਿਖਤਾਂ ਦਾ ਵੀ ਪ੍ਰਦਰਸ਼ਨ ਕਰਦਾ ਹੈ, ਉਹ ਕਵੀ ਦਰਬਾਰਾਂ ਤੇ ਚੋਣਵੇਂ ਸ਼ਿਅਰਾਂ ਦੀ 'ਪੋਸਟਰ ਪ੍ਰਦਰਸ਼ਨੀ' ਵੀ ਲਗਾਉਂਦਾ ਹੈ।

ਉਹ ਰੋਜ਼ੀ ਰੋਟੀ ਲਈ ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ। ਤੇ ਅਨੇਕਾਂ ਰੁਝੇਵਿਆਂ ਦੇ ਬਾਵਜੂਦ, ਜਿਨ੍ਹਾਂ ਵਿਚ ਘਰੇਲੂ ਜਿੰਮੇਵਾਰੀ ਸਭ ਤੋਂ ਵੱਡੀ ਹੈ, ਪੜ੍ਹਨ ਲਿਖਣ ਲਈ ਸਮਾਂ ਪਤਾ ਨਹੀਂ ਕਿਵੇਂ ਕੱਢ ਲੈਂਦਾ ਹੈ। ਉਹ ਸਿਰੜੀ ਅਤੇ ਮਿਹਨਤੀ ਹੈ। ਉਹ ਯਾਰਾਂ ਦਾ ਯਾਰ ਏ ਅਤੇ ਉਸਨੂੰ ਇਮਾਨਦਾਰੀ ਨਾਲ ਯਾਰੀਆਂ ਨਿਭਾਉਂਣੀਆਂ ਆਉਂਦੀਆਂ ਹਨ। ਉਸਦੀਆਂ ਰਚਨਾਵਾਂ ਵਿਚ ਲੋੜਾਂ ਥੁੜਾਂ ਨਾਲ ਜੂਝਦੇ ਲੋਕਾਂ ਦਾ ਦਰਦ ਲੋਕਿਆ ਹੁੰਦਾ ਹੈ, ਉਸਨੇ ਜੋ ਵੀ ਲਿਖਿਆ ਆਪਣੇ ਪਿੰਡੇ ਤੇ ਹੰਡਾ ਕੇ ਲਿਖਿਆ ਹੈ। ਉਸ ਦੀਆਂ ਕਹਾਣੀਆਂ ਸਮਾਜ ਵਿਚ ਫ਼ੈਲੀਆਂ ਕੁਰੀਤੀਆਂ ਤੇ ਕਟਾਖਸ਼ ਨਾਲ ਨਾਲ ਸਮਾਜ ਨੂੰ ਇਕ ਲੁਕਵਾਂ ਸੰਦੇਸ਼ ਵੀ ਦੇ ਜਾਂਦੀਆਂ ਹਨ।

ਅਨੇਕਾਂ ਆਰਥਿਕ ਮਜ਼ਬੂਰੀਆਂ ਦੇ ਬਾਵਜੂਦ ਉਸਨੇ ਕਿਤਾਬ ਛਪਵਾਉਣ ਦਾ ਜ਼ੇਰਾ ਕੀਤਾ ਹੈ, ਇਸ ਲਈ ਉਹ ਵਧਾਈ ਦਾ ਹੱਕਦਾਰ ਹੈ। ਇਸ ਲਈ ਮੇਰੀ ਇਹ ਦੁਆ ਹੈ ਕਿ ਮੇਰਾ ਨਿੱਕਾ ਵੀਰ ਪਰਮਜੀਤ ਪੰਮਾ ਪੇਂਟਰ ਵੱਡੀਆਂ ਵੱਡੀਆਂ ਮੰਜ਼ਲਾਂ ਸਰ ਕਰੇ, ਇਸ ਤੋਂ ਸਾਨੂੰ ਹੋਰ ਵੀ ਆਸਾਂ ਹਨ।

-ਪਰਮਿੰਦਰ ਸਿੰਘ ਵੜੈਚ
ਪਿੰਡ: ਕੁੱਕੜਾਂ, ਡਾਕ ਸਰਹਾਲਾ ਕਲਾਂ
ਜ਼ਿਲ੍ਹਾਂ : ਹੁਸ਼ਿਆਰਪੁਰ

## ਦੋ ਗੱਲਾਂ ਪਾਠਕਾਂ ਨਾਲ

ਪਿਆਰੇ ਪਾਠਕ ਦੋਸਤੋ! ਜਨਾਬ ਸੁਰਜੀਤ ਪਾਤਰ ਹੁਣਾਂ ਨੇ ਲਿਖਿਆ ਹੈ, "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇ, ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।" ਕਹਾਂ ਜਾਂ ਨਾ ਕਹਾਂ.......ਫਿਰ ਵੀ ਕੁਝ ਕਹਾਂਗਾ ਜ਼ਰੂਰ.....। ਮੈਂ ਹਾਜ਼ਰ ਹਾਂ ਸਾਹਿਤਕ ਖੇਤਰ ਵਿਚ ਆਪਣੀ ਪਲੇਠੀ ਪੁਸਤਕ 'ਮਿੰਨੀ ਕਹਾਣੀ ਸੰਗ੍ਰਹਿ ਚਿੜੀਆਂ' ਲੈ ਕੇ....ਦੋਸਤ! ਇਸ ਸੰਗ੍ਰਹਿ ਦੀ ਆਮਦ ਤਾਂ ਬੜਾ ਚਿਰ ਪਹਿਲਾਂ ਹੋ ਜਾਣੀ ਚਾਹੀਦੀ ਸੀ ਪਰ ਫਿਰ ਵੀ ਸਾਰੇ ਉਤਰਾਅ ਚੜਾਅ ਇਸ ਜ਼ਿੰਦਗੀ ਨੇ ਦੇਖੇ ਹਨ, ਤੰਗੀਆਂ ਤੁਰਸ਼ੀਆਂ, ਮੁਸੀਬਤਾਂ ਔਕੜਾਂ, ਝੱਲੀਆਂ ਹਨ, ਫਿਰ ਵੀ ਹੌਸਲਾ ਨਹੀਂ ਹਾਰਿਆ। ਦਿਲ ਵਿਚ ਕੁਝ ਕਰ ਗੁਜ਼ਰਨ ਦੀ ਚਾਹਤ ਨੂੰ ਮਰਨ ਨਹੀਂ ਦਿੱਤਾ, ਇਸ ਚਿੰਗਾਰੀ ਨੂੰ ਬੁਝਣ ਨਹੀਂ ਦਿੱਤਾ।

ਦੋਸਤੋ! ਮੇਰੀ ਜ਼ਿੰਦਗੀ ਖਿੱਲਰੀ ਕਿਤਾਬ ਵਾਂਗ ਹੈ। ਜਿਸ ਦੇ ਕੁਝ ਪੰਨੇ ਮੈਂ ਤੁਹਾਡੇ ਨਾਲ ਸਾਂਝੇ ਕਰਨੇ ਹਨ। ਬਚਪਨ ਤਾਂ ਜਿਵੇਂ ਕਿਵੇਂ ਬੀਤ ਹੀ ਗਿਆ, ਪਰ ਆਪਾਂ ਨੂੰ ਤਾਂ ਜਵਾਨੀ ਦਾ ਵੀ ਪਤਾ ਨਹੀਂ ਲੱਗਾ ਕਿ ਕਦ ਆਈ ਤੇ ਕਦ ਚਲੀ ਗਈ। ਦੋਸਤੋ! ਮਾਂ-ਬਾਪ ਬੱਚਿਆਂ ਲਈ ਉਹ ਜਰਖੇਜ਼ ਭੂਮੀ ਤਿਆਰ ਕਰਦੇ ਹਨ, ਜਿਸ ਵਿਚ ਉਹਨਾਂ ਨੇ ਵੱਧਣਾ ਫੁੱਲਣਾ ਹੁੰਦਾ ਹੈ। ਮਾਂ ਬਾਪ ਹੌਸਲਾ ਬਣਦੇ ਹਨ ਆਪਣੇ ਧੀਆਂ ਪੁੱਤਾਂ ਲਈ ਤਾਂ ਕਿ ਉਹ ਕਿਸੇ ਮੰਜ਼ਿਲ ਨੂੰ ਪਾ ਸਕਣ....ਪਰ ਦੋਸਤੋ। ਮੇਰੇ ਨਾਲ ਇਹ ਸਭ ਨਹੀਂ ਹੋਇਆ। ਸਭ ਕੁਝ ਹੁੰਦਿਆਂ ਸੁੰਦਿਆਂ ਵੀ ਮੈਂ ਬੇਸਹਾਰਾ ਪੰਛੀ ਵਾਂਗ ਅੰਬਰਾਂ ਵਿਚ ਉਡਾਰੀ ਭਰੀ ਹੈ। ਨੰਗੇ ਪੈਰੀਂ ਕੰਢਿਆਂ ਤੇ ਤੁਰਨਾ ਸਿੱਖਿਆ ਹੈ ਤੇ ਦੁਨੀਆਂ ਦੀਆਂ ਠੋਕਰਾਂ ਆਪਣੇ ਪਿੰਡੇ ਤੇ ਮਹਿਸੂਸ ਕੀਤੀਆਂ ਹਨ। ਦੋਸਤੋ! ਮੈਂ ਅਖ਼ਬਾਰਾਂ ਵੀ ਵੰਡੀਆਂ ਹਨ, ਕੰਧਾਂ ਤੇ ਸਫ਼ੈਦੀ ਨਾਲ ਕੱਚੇ ਬੋਰਡ ਵੀ ਲਿਖੇ ਹਨ, ਸੋਹਣੀਆਂ ਵਹੁਟੀਆਂ, ਕੁੜੀਆਂ ਚਿੜੀਆਂ, ਬੁੜੀਆਂ ਮਾਵਾਂ ਦੇ ਸੂਟਾਂ ਤੇ ਕਢਾਈ ਵੀ ਕਰ ਰਿਹਾਂ। ਜਿਸ ਤਰ੍ਹਾਂ ਕਹਿੰਦੇ ਹਨ ਕਿ ਇਨਸਾਨ ਦਾ ਫ਼ਰਜ ਹੈ ਮਿਹਨਤ ਕਰਨਾ........ਸੋ ਮਿਹਨਤ ਨਿਰੰਤਰ ਜਾਰੀ ਹੈ।

ਜਿਸ ਤਰ੍ਹਾਂ ਤੁਸੀਂ ਸਾਰੇ ਜਾਣਦੇ ਹੋ ਕਿ ਲੇਖਕ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਠੀਕ ਇਸੇ ਤਰ੍ਹਾਂ ਜੋ ਮੈਂ ਸਮਾਜ ਵਿਚ ਦੇਖਿਆ, ਮਹਿਸੂਸ ਕੀਤਾ, ਉਸ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ ਤੇ ਕੋਸ਼ਿਸ਼ ਕੀਤੀ ਹੈ ਕਿ ਹਰ ਗੱਲ ਨੂੰ ਸਹੀ ਅਰਥ ਦਿੱਤੇ ਜਾਣ। ਮੇਰੀਆਂ ਇਨ੍ਹਾਂ ਕਹਾਣੀਆਂ ਦਾ ਕੈਨਵਸ ਤਾਂ ਜ਼ਰੂਰ ਛੋਟਾ ਹੋ ਸਕਦੈ, ਪਰ ਇਹ ਮਸਲੇ ਛੋਟੇ ਨਹੀਂ......।

ਦੋਸਤੋ! 1986-87 ਵਿਚ ਦਸਵੀਂ ਵਿਚ ਪੜਦਿਆਂ ਮੈਂ ਸ਼ਬਦਾਂ ਨੂੰ ਕਾਗਜ਼ਾਂ ਤੇ ਕਵਿਤਾਵਾਂ/ਗੀਤ/ਕਹਾਣੀਆਂ ਦੇ ਰੂਪ 'ਚ ਝਰੀਟਣ ਲੱਗ ਪਿਆ ਸੀ, ਪਰ ਅਖ਼ਬਾਰਾਂ ਰਸਾਲਿਆਂ ਵਿਚ ਮੇਰੀਆਂ ਰਚਨਾਵਾਂ1993 ਤੋਂ ਛਪਣੀਆਂ ਸ਼ੁਰੂ ਹੋਈਆਂ ਤੇ ਅੱਜ 2006 ਸ਼ੁਰੂ ਹੋ ਗਿਆ ਹੈ। ਤੇਰਾ ਸਾਲਾਂ ਦੇ ਲੰਬੇ ਬਨਵਾਸ ਤੋਂ ਬਾਅਦ ਮੈਂ ਹਾਜ਼ਰ

ਹੋਇਆ ਹਾਂ ਆਪਣੀ ਪਹਿਲੀ ਕਿਤਾਬ ਲੈ ਕੇ ......ਜਿਸ ਤਰ੍ਹਾਂ ਕਹਿੰਦੇ ਹਨ ਕਿ ਬਾਰਾਂ ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ। ਫਿਰ ਵੀ ਮੈਂ ਖੁਸ਼ ਹਾਂ ਕਿ ਦੇਰ ਨਾਲ ਹੀ ਮੈਂ ਕੋਈ ਕਦਮ ਪੁੱਟਿਆ ਤਾਂ ਹੈ।

ਧੰਨਵਾਦ ਕਰਨਾ ਚਾਹਾਂਗਾ ਬਲਵੀਰ ਕੈਂਡੋਵਾਲ ਦਾ, ਜਿਸ ਦੇ ਦੋ ਬੋਲਾਂ ਨੇ ਮੈਨੂੰ ਇਹ ਕਿਤਾਬ ਛਪਵਾਉਣ ਦਾ ਹੌਸਲਾ ਦਿੱਤਾ। ਹਮੇਸ਼ਾ ਸੱਚਾ ਮਿੱਤਰ ਬਣਕੇ ਰਿਹਾ ਹੈ ਉਹ ਮੇਰਾ। ਪ੍ਰੀਤ ਨੀਤਪੁਰੀ ਜੀ ਜਿਨ੍ਹਾਂ ਦੀਆਂ ਕਹਾਣੀਆਂ ਤੋਂ ਮੈਂ ਬਹੁਤ ਕੁਝ ਸਿੱਖਿਐ, ਉਹਨਾਂ ਹਮੇਸ਼ਾਂ ਮੈਨੂੰ ਉਸਾਰੂ ਸੁਝਾਅ ਦਿੱਤੇ ਹਨ। ਬਲਜਿੰਦਰ ਮਾਨ ਅਤੇ ਮਢਾਰ ਕਰਤਾਰਵੀ ਹੁਰਾਂ ਨੇ ਵੀ ਗਾਹੇ ਬਗਾਹੇ ਮੈਨੂੰ ਪਿੱਛੇ ਜਾਂਦੇ ਨੂੰ ਬਾਂਹੋ ਫੜ ਅੱਗੇ ਤੋਰਿਆ ਹੈ। ਪਰਮਿੰਦਰ ਵੜੈਚ ਜਿਸ ਨੇ ਮੈਨੂੰ ਪਹਿਲੀ ਵਾਰ ਨਵਾਂ ਜ਼ਮਾਨਾ ਦੇ ਦਫ਼ਤਰ ਸਤਿਕਾਰ ਯੋਗ ਜਤਿੰਦਰ ਪੰਨੂੰ ਹੁਰਾਂ ਨਾਲ ਮਿਲਾਇਆ। ਪੰਨੂੰ ਹੁਣਾਂ ਦੇ ਹੌਸਲੇ ਨੇ ਮੈਨੂੰ ਸਦਾ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ ਹੈ। ਮੈਨੂੰ ਆਪਣੇ ਦੋਵਾਂ ਛੋਟੇ ਭਰਾਵਾਂ ਸਰਵਜੀਤ ਅਤੇ ਅਮਰਜੀਤ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ ਕਿਉਂ ਕਿ ਉਨ੍ਹਾਂ ਨੇ ਹਮੇਸ਼ਾਂ ਮੈਨੂੰ ਬਣਦਾ ਸਤਿਕਾਰ ਦਿੱਤਾ ਹੈ। ਪ੍ਰਦੇਸ ਵਸਦੀ ਭੈਣ ਕ੍ਰਿਸ਼ਨਾਂ ਅਤੇ ਜੀਜਾ ਅਸ਼ੋਕ ਦਾ ਵੀ ਮੈਨੂੰ ਚੇਤਾ ਨਹੀਂ ਭੁੱਲਿਆ, ਆਸ ਹੈ ਉਹ ਵੀ ਆਉਣ ਵਾਲੇ ਸਮੇਂ ਵਿਚ ਮੇਰੀ ਸਾਹਿਤਕ ਖੇਤਰ ਵਿਚ ਹੱਲਾ ਸ਼ੇਰੀ ਵਧਾਉਣਗੇ। ਆਪਣੀ ਮਾਂ ਕਾਂਤਾ ਰਾਣੀ ਦਾ ਕਰਜਾ ਤਾਂ ਮੈਂ ਸੱਤ ਜਨਮਾ ਤੱਕ ਨਹੀਂ ਲਾ ਸਕਦਾ ਕਿਉਂ ਕਿ ਉਸਨੇ ਅਨੇਕਾਂ ਦੁਖ ਸਹਿ ਕੇ ਸਾਨੂੰ ਪਾਲਿਆ ਹੈ। ਧੰਨਵਾਦ ਪਿਤਾ ਹਰਭਜਨ ਸਿੰਘ ਦਾ ਵੀ ਹੈ, ਜਿਸ ਨੇ ਹਮੇਸ਼ਾਂ ਮੇਰੇ ਫ਼ੈਸਲਿਆਂ ਦਾ ਵਿਰੋਧ ਕੀਤਾ ਹੈ ਪਰ ਮੈਂ ਇਸ ਵਿਚੋਂ ਹੀ ਜਿਊਣ ਦੀ ਜਾਂਚ ਸਿੱਖੀ ਹੈ। ਸਾਹਿਲ ਮੇਰਾ ਭਤੀਜਾ ਹੈ, ਛੋਟੀ ਭਾਬੀ ਅਨੀਤਾ ਦਾ ਜੇਠਾ ਪੁੱਤਰ, ਜੋ ਇਸ ਕਿਤਾਬ ਦੇ ਛਪਣ ਲਈ ਸ਼ੁੱਭ ਸ਼ਗਨ ਬਣ ਕੇ ਆਇਆ। ਸਭ ਤੋਂ ਵੱਡਾ ਧੰਨਵਾਦ ਮੇਰੀ ਧਰਮ ਪਤਨੀ ਅੰਜਨਾ ਦਾ ਹੈ, ਜੋ ਮੂਲ ਰੂਪ ਵਿਚ ਹਿਮਾਚਲ ਦੀ ਹੈ। 1998 ਵਿਚ ਸਾਡਾ ਵਿਆਹ ਹੋਇਆ ਸੀ ਤੇ ਬੜੇ ਬੇਹੱਦ ਪਿਆਰੇ ਦੋ ਬੱਚੇ, ਬੇਟੀ ਹਰਪ੍ਰੀਤ ਆਸ਼ੂ ਅਤੇ ਬੇਟਾ ਨਵਦੀਪ ਨਵੀ ਸਾਡੇ ਕੋਲ ਹਨ.....ਹੁਣ ਉਹ ਵੀ ਮੇਰੀਆਂ ਕਹਾਣੀਆਂ ਨੂੰ ਸਮਝਣ ਲੱਗ ਪਈ ਹੈ....ਉਸਦੇ ਹੌਸਲੇ ਨਾਲ ਹੀ ਮੈਂ ਇਹ ਚਿੜੀਆਂ ਪਾਠਕਾਂ ਨੂੰ ਪੇਸ਼ ਕਰ ਸਕਿਆ ਹਾਂ। ਮੈਂ ਆਪਣੇ ਮਕਸਦ ਵਿਚ ਕਿੰਨ੍ਹਾਂ ਕੁ ਸਫ਼ਲ ਹੋਇਆ ਹਾਂ, ਇਸ ਗੱਲ ਦਾ ਮੈਨੂੰ ਉਦੋਂ ਪਤਾ ਲੱਗੇ ਗਾ, ਜਦੋਂ ਤੁਸੀਂ ਇਸ ਸੰਗ੍ਰਹਿ ਬਾਰੇ ਮੈਨੂੰ ਆਪਣੇ ਵਿਚਾਰ ਭੇਜੋਗੇ। ਮੈਨੂੰ ਉਮੀਦ ਹੈ ਕਿ ਮੇਰੀਆਂ ਇਹ ਚਿੜੀਆਂ ਪਿਆਰੇ ਪਾਠਕਾਂ ਦੀ ਝੋਲੀ ਵਿਚੋਂ ਦੋ ਬੁੱਕ ਪਿਆਰ ਦੇ ਲੈਣ 'ਚ ਜ਼ਰੂਰ ਸਫ਼ਲ ਹੋਣ ਗੀਆਂ।

ਆਪਦਾ ਅਤੇ ਆਪਦਾ ਸਿਰਫ਼

-ਪਰਮਜੀਤ ਧੰਮਾ ਪੇਂਟਰ

ਪਿੰਡ ਤੇ ਡਾਕ : ਜਾਂਗਲੀਆਨਾ
ਜ਼ਿਲ੍ਹਾ ਹੁਸ਼ਿਆਰਪੁਰ-146103

# ਤਰਤੀਬ


| | | |
|---|---|---|
| 1. | ਚਿੜੀਆਂ | 15 |
| 2. | ਪੜਦਾ | 17 |
| 3. | ਭਵਿੱਖ | 18 |
| 4. | ਇੱਕੀਵਾਂ ਸਦੀ ਵਿਚ | 19 |
| 5. | ਹੁਣ ਕੀ ਹੋਵੇਗਾ | 20 |
| 6. | ਸ਼ਰਧਾ ਵਾਲੇ ਲੋਕ | 21 |
| 7. | ਨਾ ਪੀਂਦਾ ਤਾਂ... | 22 |
| 8. | ਮਜ਼ਦੂਰ ਬਨਾਮ ਸਾਧ | 23 |
| 9. | ਸਰਕਾਰੀ ਬੈਂਚ | 24 |
| 10. | ਗਲਾਸੀ ਦੇ ਯਾਰ | 25 |
| 11. | ਤਿੜਕੀ ਤਸਵੀਰ | 26 |
| 12. | ਚਾਦਰ | 27 |
| 13. | ਵੱਡਾ ਦਾਨੀ | 28 |
| 14. | ਗ਼ਰੀਬੂ ਅਤੇ ਰੱਬ | 29 |
| 15. | ਏਕਸ ਕੇ ਹਮ ਬਾਰਿਕ | 30 |
| 16. | ਸਿਆਣੀ ਗੱਲ | 31 |
| 17. | ਕੌੜਾ ਸੱਚ | 32 |
| 18. | ਆਸ ਦੀ ਕਿਰਨ | 33 |
| 19. | ਇਨਸਾਫ | 34 |
| 20. | ਪੱਥਰ | 35 |
| 21. | ਅਮੀਰੀ ਬਨਾਮ ਗਰੀਬੀ | 36 |
| 22. | ਤਰਕਸ਼ੀਲ | 37 |
| 23. | ਸਾਂਝੀਆਂ ਇੱਜ਼ਤਾਂ | 38 |
| 24. | ਆਪਣੀ ਭੈਣ | 39 |
| 25. | ਮਾਸੂਮ ਘੁੱਗੀ | 40 |
| 26. | ਦੋਸ਼ੀ ਕੌਣ.....? | 41 |
| 27. | ਮਰਨਵਰਤ | 42 |
| 28. | ਮੈਂ ਹਾਰ ਗਿਆ | 43 |
| 29. | ਸਿਰੜੀ ਸਿਦਕ | 44 |
| 30. | ਮਜ਼ਬੂਰੀ | 45 |

| | | |
|---|---|---|
| 31. | ਸ਼ਿਕਾਰ | 46 |
| 32. | ਇੱਕ ਸਵਾਲ ? | 47 |
| 33. | ਹਮਦਰਦੀ | 48 |
| 34. | ਮੁਜਰਿਮ | 49 |
| 35. | ਮੋਹ ਦਾ ਰਿਸ਼ਤਾ | 50 |
| 36. | ਗੂੰਗੇ ਬੋਲ | 51 |
| 37. | ਵਫ਼ਾਦਾਰ | 52 |
| 38. | ਅੰਧਾ ਕਾਨੂੰਨ | 53 |
| 39. | ਅਧੂਰੀਆਂ ਸੱਧਰਾਂ | 54 |
| 40. | ਬਰਫ਼ ਦੀ ਸਿੱਲ | 55 |
| 41. | ਇੱਜ਼ਤ | 56 |
| 42. | ਮਹਿਕ ਵਿਹੂਣੇ | 57 |
| 43. | ਫਰਕ | 58 |
| 44. | ਪ੍ਰਮਾਤਮਾ | 59 |
| 45. | ਮਾਡਰਨ ਬਹੂ | 60 |
| 46. | ਸੱਭਿਆਚਾਰ | 61 |
| 47. | ਦਰਵਾਜ਼ੇ ਦਾ ਰਾਜ਼ | 62 |
| 48. | ਕਹਾਣੀ ਦਾ ਅੰਤ | 63 |
| 49. | ਖ਼ਤਰਾ | 64 |
| 50. | ਕਮਾਈ, ਖ਼ਰਚਾ, ਗ਼ਰੀਬੀ | 65 |
| 51. | ਮਹਿੰਦੀ | 66 |
| 52. | ਨਫ਼ਾ ਨੁਕਸਾਨ | 67 |
| 53. | ਬੁੱਕਲ ਦਾ ਸੇਕ | 68 |
| 54. | ਫ਼ਰਾਕ ਦੀ ਕੀਮਤ | 69 |
| 55. | ਨੇਕ ਸਲਾਹ | 70 |
| 56. | ਖ਼ਿਆਲ | 71 |
| 57. | ਜ਼ਮੀਰ ਦੀ ਤਾਕਤ | 72 |
| 58. | ਚੁੱਪ | 73 |
| 59. | ਸ਼ਰਮ | 74 |
| 60. | ਸਮਝੌਤਾ | 75 |
| 61. | ਫ਼ੈਸਲਾ | 76 |

| | | |
|---|---|---|
| 62. | ਮੰਗਤਾ | 77 |
| 63. | ਸ਼ਰਾਬ | 78 |
| 64. | ਭੈਣ ਜੀ | 79 |
| 65. | ਖੁਦਗਰਜ਼ ਆਤਮਾ | 80 |
| 66. | ਪੁਲਸੀਆ | 81 |
| 67. | ਖੱਟੇ ਅੰਗੂਰ | 82 |
| 68. | ਬੇਨਾਮ ਦੋਸਤੀ | 83 |
| 69. | ਤਮਾਸ਼ਾ | 84 |
| 70. | ਮਮਤਾ ਭਿੱਜੇ ਹੰਝੂ | 85 |
| 71. | ਚੰਦਰਾ ਰੋਗ | 86 |
| 72. | ਭਰੋਸੇ ਦਾ ਆਦਮੀ | 87 |
| 73. | ਸਿਆਣਪ | 88 |
| 74. | ਮਗਰਮੱਛ | 89 |
| 75. | ਸਮਝ ਤੋਂ ਬਾਹਰ | 90 |
| 76. | ਨਵੇਂ ਦਿਸਹੱਦੇ | 91 |
| 77. | ਵੱਡੀ ਕੀਮਤ | 92 |
| 78. | ਪਿਆਰ ਬਨਾਮ ਪੈਸਾ | 93 |
| 79. | ਮਤਰੇਆ | 94 |
| 80. | ਸੁਭਾਅ | 95 |
| 81. | ਇਨਸਾਨੀਅਤ | 96 |
| 82. | ਮਾਂ ਦਾ ਪਿਆਰ | 97 |
| 83. | ਭੁੱਖ | 99 |
| 84. | ਤਰੱਕੀ | 100 |
| 85. | ਮਤਰੇਈ ਮਾਂ | 101 |
| 86. | ਬਦ ਨਾਲੋਂ ਬਦਨਾਮ ਮਾੜਾ | 102 |
| 87. | ਬਰਬਾਦੀ | 103 |
| 88. | ਜੱਜ ਦਾ ਫ਼ੈਸਲਾ | 105 |
| 89. | ਸੁੱਖ ਭਾਗਾਂ ਦਾ..... | 106 |
| 90. | ਆਨ ਡਿਊਟੀ | 107 |
| 91. | ਇਨਸਾਨੀਅਤ ਮਰ ਗਈ | 108 |
| 92. | ਰਾਵਣ ਰਾਜ | 109 |
| 93. | ਗੁਰੂ ਘਰ ਦਾ ਪਿਆਰ | 110 |

## ਚਿੜੀਆਂ

ਜਸਵੀਰ ਦੇ ਘਰ ਜਦੋਂ ਚੌਥੀ ਲੜਕੀ ਨੇ ਜਨਮ ਲਿਆ ਤਾਂ ਘਰ ਵਿਚ ਸਾਰਿਆਂ ਨੂੰ ਸੋਗ ਜਿਹਾ ਮਾਰ ਗਿਆ। ਸਭ ਨੂੰ ਉਮੀਦ ਸੀ ਕਿ ਉਸ ਦੇ ਘਰ ਇਸ ਵਾਰ ਜ਼ਰੂਰ ਲੜਕਾ ਹੋਵੇਗਾ, ਪਰ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਸਵੀਰ ਟਰੱਕ ਡਰਾਇਵਰ ਸੀ ਅਤੇ ਉਹ ਮਾਲ ਭਰ ਕੇ ਬੰਬੇ ਗਿਆ ਹੋਇਆ ਸੀ, ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਘਰ ਚੌਥੀ ਲੜਕੀ ਪੈਦਾ ਹੋ ਗਈ ਹੈ ਤਾਂ ਉਸ ਦਾ ਮਨ ਵੀ ਅਫ਼ਸੋਸਿਆ ਗਿਆ।

ਜਸਵੀਰ ਮੇਰਾ ਬਚਪਨ ਦਾ ਦੋਸਤ ਹੈ। ਅਸੀਂ ਇਕੱਠੇ ਪੜ੍ਹੇ, ਜੁਆਨ ਹੋਏ ਤੇ ਸਾਡਾ ਇਕੱਠਿਆਂ ਦਾ ਹੀ ਵਿਆਹ ਹੋਇਆ। ਮੇਰੇ ਘਰ ਪ੍ਰਮਾਤਮਾ ਨੇ ਇਕ ਲੜਕਾ ਅਤੇ ਇਕ ਲੜਕੀ ਦਿੱਤੀ ਅਤੇ ਉਸ ਦੇ ਘਰ ਚਾਰ ਲੜਕੀਆਂ। ਮੈਂ ਉਸ ਨੂੰ ਸਮਝਾਇਆ ਕਿ ਹੁਣ ਉਸਨੂੰ ਲੜਕੇ ਦੀ ਆਸ ਛੱਡ ਦੇਣੀ ਚਾਹੀਦੀ ਹੈ ਅਤੇ ਆਪਣੀਆਂ ਲੜਕੀਆਂ ਦੇ ਪਾਲਣ ਪੋਸ਼ਣ ਪੜਾਉਣ ਲਿਖਾਉਣ ਬਾਰੇ ਸੋਚਣਾ ਚਾਹੀਦਾ ਹੈ।

ਉਸ ਨੇ ਹਾਉਕਾ ਜਿਹਾ ਲੈ ਕੇ ਕਿਹਾ,"ਯਾਰ ਜੇ ਪ੍ਰਮਾਤਮਾ ਮੇਰੇ ਘਰ ਵੀ ਇਕ ਪੁੱਤਰ ਦੇ ਦਿੰਦਾ ਤਾਂ ਕੀ ਉਸ ਦੇ ਘਰ ਘਾਟਾ ਪੈ ਜਾਂਦਾ।" ਮੈਂ ਉਸ ਨੂੰ ਸਮਝਾਇਆ ਕਿ ਹੁਣ ਉਹ ਜ਼ਮਾਨਾ ਨਹੀਂ ਰਿਹਾ, ਜਦੋਂ ਕੁੜੀਆਂ ਨੂੰ ਕਲੰਕ ਸਮਝਿਆ ਜਾਂਦਾ ਸੀ, ਅੱਜ ਕੱਲ ਦੀਆਂ ਲੜਕੀਆਂ ਤਾਂ ਪੜ ਲਿਖ ਕੇ ਮੁੰਡਿਆਂ ਵਾਂਗ ਹੀ ਨੌਕਰੀ ਕਰਦੀਆਂ ਹਨ। ਅੱਜ ਕੱਲ ਤਾਂ ਹਰ ਮਹਿਕਮੇ ਵਿਚ ਹੀ ਇਹਨਾਂ ਨੂੰ ਨੌਕਰੀ ਮਿਲ ਜਾਂਦੀ ਹੈ।

ਮੇਰੀਆਂ ਗੱਲਾਂ ਸੁਣ ਕੇ ਉਹ ਕੁਝ ਸਮਝ ਗਿਆ, ਫਿਰ ਵੀ ਕਹਿਣ ਲੱਗਾ, "ਯਾਰ ਕੁੜੀਆਂ ਤਾਂ ਚਿੜੀਆਂ ਵਾਂਗ ਹੁੰਦੀਆਂ ਹਨ, ਇਹਨਾਂ ਨੇ ਤਾਂ ਆਖ਼ਿਰ ਇਕ ਦਿਨ ਬਾਬਲ ਦੇ ਘਰ ਵਿਚੋਂ ਉਡ ਕੇ ਪਰਾਏ ਘਰ ਚਲੇ ਜਾਣਾ ਹੈ, ਫਿਰ ਮੇਰਾ ਸਹਾਰਾ ਕੌਣ ਬਣੂੰ।" ਮੈਂ ਕਿਹਾ, "ਸਮਾਂ ਆਉਣ ਤੇ ਦੇਖਿਆ ਜਾਵੇਗਾ। ਤੂੰ ਉਸ ਕੱਲ੍ਹ ਦੀ ਚਿੰਤਾ ਵਿਚ ਆਪਣਾ ਅੱਜ ਨਾ ਗਵਾ।" ਜਸਵੀਰ ਨੇ ਫਿਰ ਪੁੱਤਰ ਲਈ ਝੁਰਨਾ ਛੱਡ ਦਿੱਤਾ, ਦਿਨ ਰਾਤ ਕੰਮ ਕਰਦਾ, ਧੀਆਂ ਨੂੰ ਸਕੂਲ ਪੜ੍ਹਨ ਲਾ ਦਿੱਤਾ। ਸਮਾਂ ਬੀਤਦਾ ਗਿਆ, ਉਸ ਦੀਆਂ ਸਾਰੀਆਂ ਲੜਕੀਆਂ ਜੁਆਨ ਹੋ ਗਈਆਂ, ਜਸਵੀਰ ਨੇ ਤਿੰਨਾਂ ਲੜਕੀਆਂ ਦੇ ਵਿਆਹ ਵੀ ਕਰ ਦਿੱਤੇ, ਜੋ ਪੜ੍ਹ ਲਿਖ ਕੇ ਨੌਕਰੀ ਵੀ ਕਰ ਰਹੀਆਂ ਸਨ। ਚੌਥੀ ਸਭ ਤੋਂ ਛੋਟੀ, ਉਹ ਵੀ ਬੀ. ਏ. ਵਿਚ ਪੜ੍ਹਦੀ ਸੀ, ਉਹ ਜਸਵੀਰ ਨੂੰ ਹਮੇਸ਼ਾਂ ਕਹਿੰਦੀ ਰਹਿੰਦੀ ਸੀ ਕਿ ਮੈਂ ਵਿਆਹ ਨਹੀਂ ਕਰਾਉਣਾ, ਮੈਂ ਤਾਂ ਬਾਪੂ ਜੀ ਦੇ ਕੋਲ ਹੀ ਰਹਾਂਗੀ। ਜਸਵੀਰ ਆਖਦਾ, "ਤੂੰ ਤਾਂ ਝੱਲਿਆਂ ਵਾਂਗ ਕਰਦੀ ਹੈਂ, ਧੀਆਂ ਨੂੰ ਤਾਂ ਰਾਜਿਆਂ ਮਹਾਂਰਾਜਿਆਂ ਨੇ ਵੀ ਘਰ ਨਹੀਂ ਰੱਖਿਆ, ਫਿਰ ਮੈਂ ਕਿਵੇਂ ਰੱਖਾਂਗਾ।"

ਸਮਾਂ ਆਪਣੀ ਚਾਲੇ ਚਲਦਾ ਗਿਆ ਤੇ ਇਕ ਦਿਨ ਜਸਵੀਰ ਦੀ ਸਿਹਤ ਬਹੁਤ ਹੀ ਖ਼ਰਾਬ ਹੋ ਗਈ। ਛੋਟੀ ਕੁੜੀ ਨੇ ਉਸਨੂੰ ਛੇਤੀ ਛੇਤੀ ਹਸਪਤਾਲ ਪਹੁੰਚਾਇਆ

ਅਤੇ ਆਪਣੀਆਂ ਬਾਕੀ ਭੈਣਾਂ ਨੂੰ ਖ਼ਬਰ ਕੀਤੀ। ਜਸਵੀਰ ਦੇ ਬਿਮਾਰ ਹੋਣ ਦੀ ਖ਼ਬਰ ਸੁਣ ਕੇ ਬਾਕੀ ਤਿੰਨੇ ਲੜਕੀਆਂ ਵੀ ਆ ਪਹੁੰਚੀਆਂ। ਡਾਕਟਰਾਂ ਨੇ ਦੱਸਿਆ ਕਿ ਤੁਹਾਡੇ ਪਿਤਾ ਜੀ ਦੇ ਫੇਫੜੇ ਖ਼ਰਾਬ ਹੋ ਚੁੱਕੇ ਹਨ, ਇਹਨਾਂ ਦਾ ਫ਼ੌਰਨ ਅਪ੍ਰਸ਼ੇਨ ਕਰਨਾ ਪਵੇਗਾ। ਸਾਰੀਆਂ ਭੈਣਾਂ ਨੇ ਰਲ ਮਿਲ ਕੇ ਆਪਣੇ ਪਿਤਾ ਦਾ ਅਪ੍ਰੇਸ਼ਨ ਕਰਵਾਇਆ।

ਮੈਨੂੰ ਵੀ ਜਸਵੀਰ ਦੀ ਬਿਮਾਰੀ ਦੀ ਖ਼ਬਰ ਮਿਲ ਗਈ, ਮੈਂ ਵੀ ਉਸ ਦੀ ਖ਼ਬਰ ਲੈਣ ਗਿਆ। ਹੁਣ ਉਹ ਬਿਲਕੁਲ ਠੀਕ ਸੀ, ਅੱਜ ਮੈਂ ਉਸ ਤੋਂ ਕੁਝ ਪੁੱਛਿਆ ਵੀ ਨਹੀਂ ਸੀ, ਪਰ ਉਹ ਆਪ ਮੁਹਾਰੇ ਹੀ ਬੋਲ ਪਿਆ, ਕਹਿਣ ਲੱਗਾ, “ਦੋਸਤ ਤੂੰ ਠੀਕ ਹੀ ਕਹਿੰਦਾ ਸੀ, ਮੈਂ ਤਾਂ ਐਂਵੇ ਹੀ ਪੁੱਤਰ ਮੋਹ ਵਿਚ ਪਿਆ ਹੋਇਆ ਸੀ। ਮੇਰੀਆਂ ਧੀਆਂ ਨੇ ਤਾਂ ਮੇਰੀ ਪੁੱਤਰਾਂ ਨਾਲੋਂ ਵੀ ਵੱਧ ਸੇਵਾ ਕੀਤੀ ਹੈ, ਮੈਂ ਪ੍ਰਮਾਤਮਾ ਦਾ ਸ਼ੁਕਰਗੁਜ਼ਾਰ ਹਾਂ ਕਿ ਉਸ ਨੇ ਮੈਨੂੰ ਇੰਨੀਆਂ ਸਿਆਣੀਆਂ ਧੀਆਂ ਦਿੱਤੀਆਂ ਹਨ।”

ਮੈਂ ਉਸ ਨੂੰ ਯਾਦ ਕਰਾਇਆ ਕਿ ਜਦੋਂ ਉਸ ਦੇ ਘਰ ਚੌਥੀ ਲੜਕੀ ਨੇ ਜਨਮ ਲਿਆ ਸੀ ਤਾਂ ਘਰ ਵਿਚ ਸਭ ਦੇ ਮੂੰਹ ਅਫਸੋਸੇ ਹੋਏ ਸਨ ਅਤੇ ਅੱਜ ਉਸੇ ਲੜਕੀ ਕਾਰਨ ਉਸ ਨੂੰ ਨਵਾਂ ਜਨਮ ਮਿਲਿਆ ਸੀ, ਛੋਟੀ ਕੁੜੀ ਨੇ ਉਸਦੀ ਸਭ ਤੋਂ ਵੱਧ ਸੇਵਾ ਕੀਤੀ ਸੀ। ਉਸ ਦੀਆਂ ਅੱਖਾਂ ਵਿਚੋਂ ਹੰਝੂ ਵਹਿਣ ਲੱਗ ਪਏ, ਕੰਬਦੇ ਬੁੱਲ੍ਹਾਂ ਨਾਲ ਬੋਲਿਆ, “ਜਲਦੀ ਹੀ ਇਸ ਦਾ ਵੀ ਵਿਆਹ ਕਰ ਦੇਵਾਂਗਾ, ਇਸ ਦਾ ਕੰਨਿਆ ਦਾਨ ਕਰ ਦੇਵਾਗਾ.....ਫਿਰ ਮੈਂ ਚੈਨ ਨਾਲ ਮਰ ਸਕਾਂਗਾ। ਮੇਰੀਆਂ ਧੀਆਂ ਤਾਂ ਪੁੱਤਰਾਂ ਤੋਂ ਵੀ ਵੱਧਕੇ ਹਨ, ਫਿਰ ਵੀ ਧੀਆਂ ਤਾਂ ਬਿਗਾਨੀ ਅਮਾਨਤ ਹੀ ਹੁੰਦੀਆਂ ਹਨ, ਬਿਲਕੁਲ ਚਿੜੀਆਂ ਵਾਂਗ। ਜਿਹਨਾਂ ਨੇ ਇਕ ਦਿਨ ਬਾਬਲ ਦਾ ਵਿਹੜਾ ਛੱਡ ਕੇ ਦੂਰ ਕਿਤੇ ਆਪਣੇ ਕੰਤ ਦੇ ਆਲ੍ਹਣੇ ਚਲੀਆਂ ਜਾਣਾ ਹੈ।” ਉਸਦੀਆਂ ਅੱਖਾਂ ਦੇ ਅੱਥਰੂ ਨਿਰੰਤਰ ਵਗੀ ਜਾ ਰਹੇ ਸੀ।

oooo

## ਪੜਦਾ

"ਨੇਰ ਸਾਂਈ ਦਾ, ਧਰਤੀ ਪਾਟਣ ਨੂੰ ਫਿਰਦੀ ਆ, ਸ਼ਰੇਆਮ....। ਲੋਕ ਉਨ੍ਹਾਂ ਦਾ ਨਾਂ ਲੈ ਕੇ ਮੂੰਹ ਜੋੜ ਜੋੜ ਕੇ ਗੱਲਾਂ ਕਰਦੇ।

"ਹੈਹਾ ਨੀ....ਜਮਾਂ ਸ਼ਰਮ ਨਹੀਂ ਕਰਦੇ.....ਸ਼ਰ੍ਹੇਆਮ ਈ ਦੰਦ ਕੱਢ ਕੱਢ ਗੱਲਾਂ ਕਰਨ ਲੱਗ ਪੈਂਦੇ ਆ......ਨਾ ਭਲਾ ਬੰਦੇ ਨੇ ਕਿਸੇ ਨਾਲ ਕੋਈ ਗੱਲ ਰੱਖਣੀ ਹੋਵੇ ਤਾਂ ਥੋੜ੍ਹਾ ਬਹੁਤਾ ਪੜਦਾ ਤਾਂ ਰੱਖੇ।" ਬੁੜੀਆਂ ਨੂੰ ਵੀ ਗੱਲਾਂ ਕਰਨ ਦਾ ਮੌਕਾ ਮਿਲ ਗਿਆ ਸੀ।

ਉਹ ਮੁਸ਼ਟੰਡਿਆਂ ਦੇ ਨਿੱਤ ਤਾਹਨਿਆਂ ਭਰੇ ਬੋਲ ਸੁਣ ਸੁਣ ਤੰਗ ਆ ਗਈ ਅਤੇ ਅਖੀਰ ਉਸ ਨੇ ਇਸ ਨਿੱਤ ਦੇ ਸਿਆਪੇ ਤੋਂ ਖਹਿੜਾ ਛੁਡਾਉਣ ਲਈ ਢੰਗ ਸੋਚ ਲਿਆ। ਉਸ ਨੇ ਆਪਣੀ ਮਾਂ ਅਤੇ ਕੁਝ ਵੱਡੀਆਂ ਢੁੱਠਾਂ ਵਾਲਿਆਂ ਬੰਦਿਆਂ ਸਾਹਮਣੇ ਉਸ ਦੇ ਹੱਥ 'ਤੇ ਰੱਖੜੀ ਬੰਨ ਦਿੱਤੀ।

oooo

## ਭਵਿੱਖ

ਉਸ ਦਾ ਪਿਉ ਨਸ਼ਿਆ ਦਾ ਆਦੀ ਹੋ ਚੁੱਕਾ ਸੀ, ਘਰ ਦਾ ਸਾਰਾ ਭਾਂਡਾ ਟੀਂਡਾ ਉਸ ਨੇ ਨਸ਼ਿਆਂ ਦੇ ਮੂੰਹ ਵੇਚ ਦਿੱਤਾ ਸੀ ਤੇ ਫਿਰ ਵੇਚਣ ਲਈ ਘਰ ਦੇ ਵਿਚ ਕੁਝ ਵੀ ਨਹੀਂ ਰਿਹਾ।

ਐਤਕੀਂ ਉਸ ਮਾਸੂਮ ਅਤੇ ਭੋਲੇ ਜਿਹੇ ਸ਼ਿੰਦੇ ਨੇ ਪੰਜਵੀਂ ਫ਼ਸਟ ਕਲਾਸ ਵਿਚ ਪਾਸ ਕੀਤੀ, ਉਸ ਦੀ ਮਾਂ ਉਸ ਦੇ ਉੱਜਲ ਭਵਿੱਖ ਦੇ ਸੁਪਨੇ ਸਿਰਜਦੀ, "ਸ਼ਿੰਦੇ ਪੁੱਤ, ਉੱਠ ਬੇਟੇ, ਸਕੂਲ ਨਹੀਂ ਜਾਣਾ, ਅੱਜ ਤੈਨੂੰ ਨਵੀਂ ਕਲਾਸ ਵਿਚ ਭੇਜਣਾ।" ਮਾਂ ਨੇ ਸੁੱਤੇ ਸ਼ਿੰਦੇ ਨੂੰ ਜਗਾਇਆ।

"ਮਾਂ, ਜਿਆਦਾ ਪੜ੍ਹ ਕੇ ਕੀ ਹੋ ਜਾਂਦਾ।"

"ਪੁੱਤ, ਜਿਆਦਾ ਪੜ੍ਹ ਕੇ ਤੂੰ ਸਿਆਣਾ ਬਣ ਜਾਵੇਗਾ, ਤੈਨੂੰ ਅਕਲ ਆ ਜਾਵੇਗੀ ਤੇ ਮੇਰਾ ਪੁੱਤ ਵੱਡਾ ਅਫ਼ਸਰ ਬਣੇਗਾ।"

"ਅੱਛਾ ਮਾਂ ਫਿਰ ਤਾਂ ਮੈਂ ਜ਼ਿਆਦਾ ਪੜ੍ਹੂੰਗਾ, ਵੱਡਾ ਅਫ਼ਸਰ ਬਣੂੰਗਾ। ਮੇਰੇ ਕੋਲ ਬਹੁਤ ਸਾਰੇ ਪੈਸੇ ਵੀ ਹੋਊਗੇ।" ਬੱਚਾ ਵੀ ਆਪਣੇ ਭਵਿੱਖ ਬਾਰੇ ਸੋਚ ਖ਼ੁਸ਼ ਹੋਣ ਲੱਗਾ।

"ਸ਼ਿੰਦੇ ਉਏ......ਸਿੰਦੇ...ਛੇਤੀ ਮੇਰੇ ਨਾਲ ਚਲ.......ਅੱਜ ਤੈਨੂੰ ਕਿਤੇ ਕੰਮ ਤੇ ਲਾ ਕੇ ਆਊਗਾ, ਘਰ ਦਾ ਗੁਜ਼ਾਰਾ ਨਹੀਂ ਚੱਲਦਾ।" ਸ਼ਿੰਦੇ ਦਾ ਅਮਲੀ ਪਿਉ ਬੜੇ ਰੋਅਬ ਨਾਲ ਬੋਲਿਆ।

"ਕਿੱਥੇ ਲਾਉਣਾ ਏਹਨੂੰ, ਪੜ੍ਹ ਤਾਂ ਲੈਣਦੇ ਦੋ ਕਲਾਸਾਂ, ਕਿਉਂ ਮਾਸੂਮ ਦੀ ਜ਼ਿੰਦਗੀ ਖ਼ਰਾਬ ਕਰਨ ਤੇ ਤੁਲਿਆਂ।" ਮਾਂ ਨੇ ਪੁੱਤ ਨੂੰ ਘੁੱਟ ਕੇ ਆਪਣੀ ਹਿੱਕ ਨਾਲ ਲਾ ਲਿਆ।

ਪਰ ਉਸ ਦੇ ਅੱਗੇ ਕਿਸੇ ਦੀ ਪੇਸ਼ ਨਾ ਗਈ, ਉਹ ਸ਼ਿੰਦੇ ਨੂੰ ਜ਼ਬਰਦਸਤੀ ਆਪਣੇ ਨਾਲ ਲੈ ਗਿਆ। ਵਾਪਸ ਆਇਆ ਤਾਂ ਨਸ਼ੇ ਵਿਚ ਗੁੱਟ ਸੀ, ਲੜਖੜਾਉਂਦਾ ਹੋਇਆ ਬੋਲਿਆ,"ਸ਼ਿੰਦੇ ਦੀ ਮਾਂ, ਸ਼ਿੰਦਾ ਕੰਮ ਤੇ ਲਾ ਤਾ.....ਦੋ ਸੌ ਮਿਲੂਗੇ ਮਹੀਨੇ ਦੇ....ਕੰਮ ਜਮਾਂ ਔਖਾ ਨਹੀਂ....ਚਾਹ ਵਾਲੀਆਂ ਗਲਾਸੀਆਂ ਹੀ ਧੋਣੀਆਂ ਨੇ......।"

੦੦੦੦

## ਇੱਕੀਵੀਂ ਸਦੀ ਵਿਚ

ਉਹ ਵਹਿਮਾਂ ਭਰਮਾਂ ਵਿਚ ਬਹੁਤ ਵਿਸ਼ਵਾਸ਼ ਕਰਦਾ ਸੀ, ਜਦੋਂ ਵੀ ਉਸ ਨੇ ਕਿਤੇ ਕੰਮ ਜਾਣਾ ਹੁੰਦਾ ਤਾਂ ਉਹ ਧਿਆਨ ਰੱਖਦਾ ਕਿ ਕਿਤੇ ਕੋਈ ਨਿੱਛ ਨਾ ਮਾਰ ਦੇਵੇ ਜਾਂ ਖਾਲੀ ਟੋਕਰਾ ਨਾ ਮਿਲ ਜਾਵੇ।

ਇਕ ਦਿਨ ਉਸਦੀ ਤਰਕਸ਼ੀਲ ਸੁਸਾਇਟੀ ਦੇ ਇਕ ਮੈਂਬਰ ਨਾਲ ਮੁਲਾਕਾਤ ਹੋਈ, ਉਸ ਨੇ ਉਸ ਨੂੰ ਸਮਝਾਇਆ ਕਿ ਇਹ ਵਹਿਮ ਭਰਮ ਤਾਂ ਐਵੇਂ ਹੀ ਹੁੰਦੇ ਹਨ, ਅਸਲ ਵਿਚ ਇਹ ਕੁਝ ਵੀ ਨਹੀਂ ਹੁੰਦਾ, ਐਵੇਂ ਹੀ ਆਪਣੇ ਮਨ ਦਾ ਡਰ ਹੁੰਦਾ ਹੈ, ਸਾਇੰਸ ਨੇ ਕਿੰਨੀ ਤਰੱਕੀ ਕਰ ਲਈ ਹੈ, ਲੋਕ ਚੰਦ ਤੇ ਜਾ ਕੇ ਵੱਸਣ ਦੀਆਂ ਤਿਆਰੀਆਂ ਕਰ ਰਹੇ ਹਨ।

ਅਜ ਜਦੋਂ ਉਹ ਘਰੋਂ ਤੁਰਨ ਲੱਗਾ ਤਾਂ ਠਾਅ ਕਰਦੀ ਕਿਸੇ ਨੇ ਨਿੱਛ ਮਾਰੀ, ਪਹਿਲਾਂ ਤਾਂ ਉਸ ਦੇ ਕਦਮ ਰੁਕਣ ਲੱਗੇ......ਪਰ ਫਿਰ ਉਹ ਇਹ ਸੋਚ ਅੱਗੇ ਵੱਲ ਤੁਰ ਪਿਆ ਕਿ ਦੇਸ਼ ਇੱਕੀਵੀਂ ਸਦੀ ਵਿਚ ਜਾ ਰਿਹਾ ਹੈ ਤੇ ਮੈਂ......।

oooo

## ਹੁਣ ਕੀ ਹੋਵੇਗਾ

ਹਸਪਤਾਲ ਦੇ ਐਮਰਜੈਸੀ ਵਾਰਡ ਵਿਚ ਪਿਆ ਉਹ ਉੱਚੀ ਉੱਚੀ ਕਰਾਹ ਰਿਹਾ ਸੀ, ਜਿਵੇਂ ਮੌਤ ਉਸ ਨੂੰ ਆਪਣੇ ਗਲੇ ਲਗਾਉਣ ਲਈ ਉਤਾਵਲੀ ਸੀ।

ਪਰ ਉਸ ਨੂੰ ਉਥੇ ਇਸ ਆਸ ਨਾਲ ਲਿਆਦਾ ਗਿਆ ਸੀ ਕਿ ਉਸ ਦਾ ਜਲਦੀ ਇਲਾਜ ਕਰਕੇ ਉਸ ਨੂੰ ਮੌਤ ਦੇ ਮੂੰਹ ਵਿਚੋਂ ਬਾਹਰ ਕੱਢਿਆ ਜਾ ਸਕੇ ਅਤੇ ਉਸ ਨੂੰ ਜ਼ਿੰਦਗੀ ਨਸੀਬ ਹੋਵੇ।

ਉਹ ਗਰੀਬ ਸੀ ਪਰ ਕੁਝ ਹਮਦਰਦ ਉਸ ਨੂੰ ਹਸਪਤਾਲ ਲੈ ਕੇ ਆਏ ਸਨ, ਕੁਝ ਖਰਚਾ ਸੀ, ਉਹਨਾਂ ਕੋਲ, ਜੋ ਉਹ ਸਮਝਦੇ ਸਨ ਕਿ ਕਾਫ਼ੀ ਹੈ। ਪਹਿਲਾਂ ਤਾਂ ਡਾਕਟਰਾਂ ਨੇ ਪੁਲਸ ਕੇਸ ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ, ਫਿਰ ਜੇ ਕਹੇ ਕਹਾਏ, ਮਿੰਨਤਾਂ ਤਰਲਿਆਂ ਨਾਲ ਉਸ ਨੂੰ ਪੇਸ਼ੈਂਟ ਬੈੱਡ ਨਸੀਬ ਹੋਇਆ ਤਾਂ ਉਸ ਨੂੰ ਦਾਖਲ ਕਰਨ ਅਤੇ ਦਵਾਈਆਂ ਦੇ ਖਰਚ ਦਾ ਵੇਰਵਾ ਸੁਣਕੇ ਉਹ ਨਿਰਾਸ਼ ਹੋ ਗਏ ਅਤੇ ਸੋਚਣ ਲੱਗੇ, "ਹੁਣ ਕੀ ਹੋਵੇਗਾ।"

0000

## ਸ਼ਰਧਾ ਵਾਲੇ ਲੋਕ

"ਔਂ ਲੱਖ ਨਰੰਜਣ, ਬੀਬੀ ਹੈ ਕੋਈ ਘਰੇ ?"

"ਹਾਂ, ਬਾਬਾ ਜੀ ਘਰੇ ਈ ਆਂ।"

"ਬੀਬਾ ਸੰਤਾ ਨੇ ਰੋਟੀ ਖਾਣੀ ਆ, ਕੁਝ ਦਮੜੇ ਅਰਦਾਸ ਕਰਾ।"

"ਬਾਬਾ ਜੀ ਰੋਟੀ ਖਾਣੀ ਆ ਤਾਂ ਬਹਿ ਜਾਉ, ਮੈਂ ਹੁਣੇ ਰੋਟੀ ਤਿਆਰ ਕਰ ਦਿੰਦੀ ਆਂ।" "ਨਹੀਂ ਬੀਬਾ, ਤੂੰ ਬਸ ਦਮੜੇ ਅਰਦਾਸ ਕਰਾ ਦੇ, ਸੰਤ ਆਪੇ ਤੇਰੇ ਨਾਮ ਦੀ ਰੋਟੀ ਖਾ ਲੈਣਗੇ।" ਭਗਵੇਂ ਲਾਲ ਜਿਹੇ ਰੰਗ ਦੇ ਕੱਪੜੇ ਪਾਈ ਸਾਧੂ, ਬੀਬੀ ਦੀ ਸ਼ਰਧਾ ਦੇਖ ਅੜ ਕੇ ਖੜ੍ਹਾ ਹੋ ਗਿਆ।

ਚਲੋ ਕੋਈ ਨਹੀਂ ਬਾਬਾ ਜੀ, ਦੇ ਦਿੰਦੀ ਆ।" ਉਹ ਅੰਦਰ ਗਈ ਤੇ ਵੀਹ ਦਾ ਨੋਟ ਲਿਆ ਕੇ ਸਾਧੂ ਦੀ ਤਲੀ ਤੇ ਧਰ ਦਿੱਤਾ।

"ਬੀਬਾ, ਖੁਸ਼ ਏ ਨਾ ?"

"ਹਾਂ ਬਾਬਾ ਜੀ"

"ਜਾਹ ਫਿਰ ਤੇਰੇ ਬੇੜੇ ਪਾਰ ਹੋਏ ਸਮਝ।"

ਉਹਨਾਂ ਦੇ ਘਰ ਫਾਰਨ ਤੋਂ ਕੋਈ ਰਿਸ਼ਤੇਦਾਰ ਵੀ ਆਈ ਹੋਈ ਸੀ, ਬਾਬੇ ਨੇ ਸੋਚਿਆ ਚਲੋ ਹਵਾ 'ਚ ਤੀਰ ਹੀ ਮਾਰ ਲੈਂਦੇ ਹਾਂ।

"ਬੀਬਾ ਤੁਸੀਂ ਕਿਥੋ ਆਏ ਹੋ ?"

"ਮੈਂ ਬਾਹਰ ਰਹਿੰਦੀ ਹਾਂ ਬਾਬਾ ਜੀ।"

"ਬੀਬਾ ਤੁਸੀਂ ਵੀ ਭੰਡਾਰੇ ਵਾਸਤੇ ਕੁਝ ਦਾਨ ਕਰੋ, ਚਲੋ ਖੁਸ਼ ਹੋ ਕੇ ਇਕ ਕਿਲੋ ਪੱਤੀ ਜੋਗੇ ਪੈਸੇ ਅਰਦਾਸ ਕਰਾਓ, ਅਸੀਂ ਲੰਗਰ 'ਚ ਪਾ ਦਿਆਂਗੇ।" ਬੀਬੀ ਵੀ ਸਾਧੂ ਦੀਆਂ ਮਿੱਠੀਆਂ ਅਤੇ ਮੋਹ ਲੈਣ ਵਾਲੀਆਂ ਗੱਲਾਂ ਵਿਚ ਆ ਗਈ ਤੇ ਇਕ ਸੌ ਰੁਪਿਆ ਲਿਆ ਸਾਧੂ ਦੀ ਤਲੀ ਤੇ ਧਰ ਦਿੱਤਾ।

"ਬੀਬਾ ਇਹ ਦਾਨ ਖੁਸ਼ ਹੋ ਕੇ ਕੀਤਾ ਏ ਨਾ ?"

"ਹਾਂ, ਬਾਬਾ ਜੀ, ਬੀਬੀ ਕੁਝ ਢਿੱਲਾ ਜਿਹਾ ਬੋਲੀ।"

.....ਤੇ ਬਾਬਾ ਪੰਜ ਕੁ ਹੀ ਮਿੰਟਾ ਵਿਚ ਇਕੋ ਘਰ ਵਿਚੋਂ ਇਕ ਸੌ ਵੀਹ ਰੁਪਏ ਲੈ ਕੇ ਤਿੱਤਰ ਹੋਇਆ। ਬਾਹਰ ਉਸ ਦਾ ਇਕ ਹੋਰ ਸਾਥੀ ਦੂਸਰੇ ਘਰੋਂ ਨਿਕਲਿਆ ਤਾਂ ਉਸ ਨੇ ਪਹਿਲੇ ਨੂੰ ਪੁੱਛਿਆ,

"ਕੁਝ ਬਣਿਆਂ ?"

"ਹਾਂ!" "ਕੀ ?" ਇਕ ਸੌ ਵੀਹ।"

"ਸੱਚੀਂ ? ਤੈਨੂੰ ਸ਼ੋਟੇ ਦੀ ਸੌਂਹ ਲੱਗੇ।"

"ਹਾਂ ਵੀਰਾ, ਜਦੋਂ ਤੱਕ ਸ਼ਰਧਾ ਵਾਲੇ ਲੋਕ ਇਸ ਧਰਤੀ ਤੇ ਹੈਗੇ ਆ, ਸਾਨੂੰ ਰੋਟੀ ਮਿਲੀ ਜਾਣੀ ਆਂ.....।" ਤੇ ਉਹ ਦੋਵੇਂ ਮੁਸਕੜੀਏ ਹੱਸਦੇ ਔਹ ਗਏ...ਔਹ ਗਏ।

oooo

## ਨਾ ਪੀਂਦਾ ਤਾਂ

ਸੰਗਰਾਂਦ ਤੋਂ ਬਾਅਦ ਪਹਿਲਾ ਵੀਰਵਾਰ ਸੀ, ਜੇਠਾ ਵੀਰਵਾਰ। ਉਹ ਅੱਜ ਖੁਸ਼ ਸੀ, ਕਿਉਂਕਿ ਉਹ ਹਰ ਵੀਰਵਾਰ ਪੀਰਾਂ ਦੇ ਨਾਂ ਤੇ ਔਟਾ ਲੈਣ ਜਾਂਦਾ ਸੀ, ਜਿਸ ਨਾਲ ਉਸ ਦੇ ਪਰਿਵਾਰ ਨੂੰ ਰੁੱਖੀ ਮਿੱਸੀ ਰੋਟੀ ਮਿਲਦੀ ਸੀ।

ਅੱਜ ਉਸਦੇ ਮਨ ਵਿਚ ਕਈ ਸੋਚਾਂ ਇਕੱਠੀਆਂ ਉਬਾਲੇ ਮਾਰ ਰਹੀਆਂ ਸਨ। ਉਸ ਦੀ ਛੋਟੀ ਕੁੜੀ ਬਿਮਾਰ ਸੀ, ਉਸ ਨੂੰ ਵੀ ਦਵਾਈ ਲੈ ਕੇ ਦੇਣੀ ਸੀ ਤੇ ਹੋਰ ਵੀ ਕਈ ਕੁਝ....। ਇਹਨਾਂ ਹੀ ਸੋਚਾਂ ਦੇ ਚਲਦਿਆਂ ਉਸ ਨੇ ਸਾਈਕਲ ਤੇ ਢੋਲ ਬੰਨਿਆਂ, ਤੇ ਤੇਲ ਲਈ ਬੋਤਲ, ਆਟੇ ਲਈ ਝੋਲਾ, ਦਾਣਿਆ ਲਈ ਥੈਲਾ...ਤੇ ਫਿਰ ਉਹ ਤੁਰ ਪਿਆ..... ਸਾਰਾ ਦਿਨ ਜੈ 'ਲਾਲਾ ਵਾਲੇ ਪੀਰ ਦੀ' .....ਤੇਲ ਕੋਈ ਪਾ ਕੁ ਹੋ ਗਿਆ....ਇਕ ਡੰਗ ਦਾ ਆਟਾ....ਦੋ ਕੁ ਕਿਲੋ ਦਾਣੇ.....ਤੇ ਤੀਹ ਕੁ ਰੁਪੈ.....ਇਹਨਾਂ ਪੈਸਿਆਂ ਨਾਲ ਕੀ ਕੀ ਕਰੇ ਉਹ ਸੋਚੀ ਜਾ ਰਿਹਾ ਸੀ। "ਜੋ ਹੋਊਗਾ ਦੇਖੀ ਜਾਊਗਾ ਉਹਨਾਂ ਤੀਹਾਂ ਦਾ ਉਹ ਠੇਕੇ ਤੋਂ ਪਾਈਆਂ ਪੀ, ਉਹ ਕਾਹਲੇ ਕਦਮੀਂ ਘਰ ਪਹੁੰਚ ਗਿਆ।

"ਆਹ ਲੈ ਤੇਲ ਆਟਾ ਤੇ ਦਾਣੇ।"

"ਤੇ ਪੈਸੇ...।" ਘਰਵਾਲੀ ਨੇ ਉਹਦੇ ਵੱਲ ਕੁਸੈਲਾ ਜਿਹਾ ਝਾਕਿਆ।

"ਕੁੜੀ ਨੂੰ ਦਵਾਈ ਲੈ ਦਿੱਤੀ ਸੀ।" ਉਹ ਕੋਰਾ ਝੂਠ ਬੋਲਿਆ।

"ਸਵੇਰੇ ਚਾਹ ਪੀਣੀ ਆ ਕਿ ਨਹੀਂ ....ਖੰਡ ਹੈ ਨਹੀਂ ਘਰੇ...ਲੈ ਕੇ ਆ।"

ਉਸ ਨੇ ਦਾਣਿਆਂ ਦਾ ਝੋਲਾ ਚੁੱਕਿਆ, ਦੁਕਾਨ ਤੇ ਪਹੁੰਚ ਗਿਆ। ਬਦਲੇ ਵਿਚ ਇਕ ਪਾ ਖੰਡ, ਇਕ ਬੰਡਲ ਬੀੜੀਆਂ ਦਾ ਤਾਂ ਕੁੜੀ ਲਈ ਇਕ ਬੁਖਾਰ ਦੀ ਗੋਲੀ ਲੈ ਕੇ ਘਰੇ ਪਹੁੰਚ ਗਿਆ, ਪਰ ਉਸ ਦੇ ਮਨ ਤੇ ਇਕ ਬੋਝ ਸੀ ਕਿ ਨਾ ਪੀਂਦਾ ਤਾਂ....।

0000

## ਮਜ਼ਦੂਰ ਬਨਾਮ ਸਾਧ

"ਹਰੀ ਓਮ ਬੱਚਾ ਕਰ ਕੋਈ ਦਾਨ।"

"ਬਾਬਾ, ਇਥੇ ਮਾਲਕ ਹੈ ਨਹੀਂ ਘਰੇ, ਅਸੀਂ ਤਾਂ ਮਜ਼ਦੂਰ ਹਾਂ, ਨਲਕੇ ਦਾ ਬੋਰ ਕਰਦੇ ਹਾਂ।"

"ਬੱਚਾ ਤੂੰ ਹੀ ਕਰ ਕੋਈ ਦਾਨ, ਚੱਲ ਲਿਆ ਸੰਤਾਂ ਨੂੰ ਪੰਜ ਦਮੜੇ ਦੇਹ, ਸੰਤ ਫੁਲਕਾ ਛਕ ਲੈਣਗੇ।"

ਉਸ ਨੇ ਸਾਧ ਨੂੰ ਜਾਣ ਲਈ ਆਨੇ ਬਹਾਨੇ ਬਥੇਰਾ ਕਿਹਾ, ਪਰ ਸਾਧ...ਉਹ ਕਹੇ ਕਿ ਮੈਂ ਪੈਸੇ ਲਏ ਬਿਨਾਂ ਜਾਣਾ ਹੀ ਨਹੀਂ।

"ਬੱਚਾ ਲਿਆ ਦੇਹ ਫਿਰ ਪੰਜ ਦਮੜੇ।"

"ਬਾਬਾ, ਐਧਰ ਆ ਕੇ ਦੋ ਕੁ ਬੋਕੀਆਂ ਖਿੱਚ ਕੇ ਦਿਖਾ, ਫੇਰ ਦਿੰਦੇ ਆ ਤੈਨੂੰ ਰੋਟੀ ਜੋਗੇ ਪੈਸੇ। ਤੈਨੂੰ ਕੀ ਪਤਾ ਅਸੀਂ ਪੈਸੇ ਕਮਾਉਣ ਲਈ ਕਿੰਨਾ ਪਸੀਨਾ ਵਹਾਉਂਦੇ ਹਾਂ। ਮਿਹਨਤ ਦੀ ਰੋਟੀ ਅਤੇ ਮੁਫ਼ਤ ਦੀ ਰੋਟੀ ਵਿਚ ਬੜਾ ਫ਼ਰਕ ਹੁੰਦਾ ਹੈ ਬਾਬਾ....।"

"ਅੱਛਾ ਬੱਚਾ ਤੇਰੀ ਮਰਜ਼ੀ ਕਰ ਲੈ ਸੰਤਾਂ ਨਾਲ ਮਜ਼ਾਕ....ਚਲਦੇ ਆਂ ਫੇਰ....।" ਸਾਧ ਨੇ ਆਪਣੀ ਗੱਲ ਬਣਦੀ ਨਾ ਦੇਖ ਉਥੋਂ ਖਿਸਕਣਾ ਹੀ ਠੀਕ ਸਮਝਿਆ।

0000

## ਸਰਕਾਰੀ ਬੈਂਚ

ਆਪਣੀ ਘਰਵਾਲੀ ਨਾਲ ਦੋਵਾਂ ਬੱਚਿਆਂ ਨੂੰ ਨਾਲ ਲੈ ਕੇ ਟੀਕੇ ਲਗਵਾਉਣ ਲਈ ਮੈਂ ਸਰਕਾਰੀ ਡਿਸਪੈਂਸਰੀ ਸਾਢੇ ਦਸ ਵਜੇ ਦੇ ਕਰੀਬ ਪਹੁੰਚਿਆਂ, ਦੇਖਿਆ ਕਿ ਅਜੇ ਸਟਾਫ਼ ਨਹੀਂ ਆਇਆ ਸੀ। ਇਕ ਲੇਡੀ ਡਾਕਟਰ ਆ ਪਹੁੰਚੀ ਸੀ ਤੇ ਉਹ ਵੀ ਗੁਆਂਢੀਆਂ ਦੇ ਘਰੋਂ ਇਕ ਕੁਰਸੀ ਲੈਣ ਗਈ ਹੋਈ ਸੀ। ਡਿਸਪੈਂਸਰੀ ਦੀ ਹਾਲਤ ਇਕ ਖੰਡਰ ਤੋਂ ਵੱਧ ਹੋਰ ਕੁਝ ਨਹੀਂ ਸੀ। ਇਕ ਪੁਰਾਣਾ ਜਿਹਾ ਮੰਜਾ ਡਿੱਠਾ ਹੋਇਆ ਸੀ ਤੇ ਇਕ ਟੁੱਟੜ ਜਿਹਾ ਬੈਂਚ।

ਪੂਰਾ ਸਟਾਫ਼ ਅਤੇ ਟੀਕਿਆਂ ਦਾ ਡੱਬਾ ਪਹੁੰਚਦਿਆਂ ਬਾਰਾਂ ਹੀ ਵੱਜ ਗਏ। ਫਿਰ ਮਸੀਂ ਹੀ ਬੱਚਿਆਂ ਦੇ ਟੀਕੇ ਲੱਗਣੇ ਸ਼ੁਰੂ ਹੋ ਗਏ। ਪਹਿਲਾਂ ਤਾਂ ਅਸੀਂ ਬੱਚਿਆਂ ਨੂੰ ਚੁੱਕੀ ਇੱਧਰ ਉੱਧਰ ਘੁੰਮਦੇ ਰਹੇ, ਫਿਰ ਮੈਂ ਉਥੇ ਪਏ ਬੈਂਚ ਤੇ ਬੈਠ ਗਿਆ। ਮੇਰੀ ਘਰਵਾਲੀ ਵੀ ਜਦ ਬੈਂਚ ਤੇ ਬੈਠਣ ਲੱਗੀ ਤਾਂ ਇਹ ਬੈਂਚ, ਜੋ ਕਿ ਟੁੱਟਾ ਹੋਇਆ ਸੀ, ਥੱਲੇ ਨੂੰ ਝੁਕ ਗਿਆ ਤੇ ਉਹ ਡਿੱਗਦੀ ਡਿੱਗਦੀ ਮਸਾਂ ਬਚੀ। ਮੇਰਾ ਹਾਸਾ ਨਿਕਲ ਗਿਆ ਤੇ ਸੁਭਾਵਿਕ ਹੀ ਕਹਿ ਹੋ ਗਿਆ, "ਬਚ ਕੇ ਬੈਠੀ ਇਹ ਸਰਕਾਰੀ ਬੈਂਚ ਐ।"ਮੇਰੀ ਇਹ ਗੱਲ ਸੁਣਕੇ ਲੇਡੀ ਡਾਕਟਰ ਵੀ ਖਿੜਖਿੜਾ ਕੇ ਹੱਸ ਪਈ।

0000

## ਗਲਾਸੀ ਦੇ ਯਾਰ

ਉਹ ਉਸ ਦੇ ਕੋਲ ਜਦੋਂ ਵੀ ਆਉਂਦੇ, ਇਕ ਆਸ ਰੱਖਦੇ ਸਨ, ਉਹ ਆਸ ਸੀ ਕਿ ਉਸ ਕੋਲ ਬੈਠ ਕੇ ਪੈੱਗ ਸ਼ੈੱਗ ਲਾਵਾਂਗੇ, ਨਾਲੇ ਇੱਧਰ ਓਧਰ ਦੀਆਂ ਗੱਲਾਂ ਵੀ ਹੋ ਜਾਣਗੀਆਂ। ਉਸ ਨੂੰ ਵੀ ਮੂੰਹ ਮੁਲਾਜੇ ਦੀ ਮਾਰ ਹੇਠ ਚੁੱਪ ਧਾਰਨੀ ਪੈਂਦੀ ਸੀ। ਜ਼ਿਆਦਾਤਰ ਤਾਂ ਉਹ ਆਪ ਹੀ ਲੈ ਆਉਂਦੇ ਸਨ, ਪਰ ਕਦੇ ਕਦਾਈ ਉਸ ਨੂੰ ਵੀ ਲਿਆਉਣੀ ਪੈਂਦੀ ਸੀ।

ਕਾਫ਼ੀ ਲੰਬਾ ਸਮਾਂ ਇਹ ਸਿਲਸਿਲਾ ਚਲਦਾ ਰਿਹਾ, ਪਰ ਹੌਲੀ ਹੌਲੀ ਉਸ ਨੂੰ ਉਹਨਾਂ ਦੇ ਇਸ ਸ਼ੌਕ ਤੋਂ ਘਿਰਨਾ ਹੋਣ ਲੱਗੀ, ਉਹਨਾਂ ਨੇ ਤਾਂ ਉਸ ਦੇ ਦਫ਼ਤਰ ਨੂੰ ਹਾਤਾ ਹੀ ਬਣਾ ਦਿੱਤਾ ਸੀ। ਬਦਲਦੇ ਹਾਲਾਤਾਂ ਦਾ ਉਨ੍ਹਾਂ ਨੂੰ ਵੀ ਪਤਾ ਲੱਗ ਗਿਆ ਤੇ ਫਿਰ ਉਹ ਵੀ ਉਸ ਕੋਲ ਜਾਣ ਤੋਂ ਕਤਰਾਉਣ ਲੱਗੇ। ਅਖ਼ੀਰ ਐਸਾ ਸਮਾਂ ਵੀ ਆਇਆ, ਜਦੋਂ ਉਹ ਉਸ ਕੋਲ ਜਾਣੋਂ ਬਿਲਕੁਲ ਹੀ ਹੱਟ ਗਏ। ਉਸ ਨੂੰ ਕੋਈ ਫ਼ਰਕ ਨਹੀਂ ਸੀ, ਆਉਣ ਤਾਂ ਜੀ ਆਇਆ ਨਾ ਆਉਣ ਤਾਂ ਉਨ੍ਹਾਂ ਦੀ ਮਰਜ਼ੀ।

ਅੱਜ ਇਕ ਹੋਰ ਦੋਸਤ ਦੀ ਕਹੀ ਗੱਲ ਨੇ ਉਸ ਨੂੰ ਦੁਚਿੱਤੀ ਵਿਚ ਪਾ ਦਿੱਤਾ, "ਯਾਰ ਤੇਰੇ ਉਹ ਪੈੱਗ ਵਾਲੇ ਬੇਲੀ ਨਹੀਂ ਹੁਣ ਤੇਰੇ ਕੋਲ ਆਉਂਦੇ ਹੁੰਦੇ, ਅੱਗੇ ਤਾਂ ਨਿੱਤ ਤੇਰੇ ਕੋਲ ਆਉਂਦੇ ਸੀ।" ਮੈਨੂੰ ਕੁਝ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਮੇਰਾ ਕੋਈ ਪੁਰਾਣਾ ਜ਼ਖ਼ਮ ਅੱਜ ਰਿਸ ਪਿਆ ਹੋਵੇ। ਮੈਂ ਚੁੱਪ ਜਿਹਾ ਹੋ ਗਿਆ। "ਤੂੰ ਦੱਸਿਆ ਨਹੀਂ ਉਹ....।"

ਹੱਥ ਵਿਚ ਫੜੇ ਚਾਹ ਦੇ ਕੱਪ ਨੂੰ ਖਾਲੀ ਕਰਦਿਆਂ ਮੈਂ ਮੱਧਮ ਜਿਹੀ ਆਵਾਜ਼ ਵਿਚ ਕਿਹਾ, "ਸ਼ਾਇਦ ਉਹ ਮੇਰੇ ਯਾਰ ਨਹੀਂ, ਗਲਾਸੀ ਦੇ ਯਾਰ ਸਨ। ਜੇ ਮੇਰੇ ਯਾਰ ਬੇਲੀ ਹੁੰਦੇ ਤਾਂ ਮੈਨੂੰ ਭੁੱਲ ਨਾ ਜਾਂਦੇ।"

0000

## ਤਿੜਕੀ ਤਸਵੀਰ

ਉਦੋ ਉਸ ਨੂੰ ਵਿਆਹੀ ਆਈ ਨੂੰ ਹਫ਼ਤਾ ਕੁ ਹੀ ਹੋਇਆ ਸੀ, ਜਦੋਂ ਉਸ ਨੂੰ ਸ਼ਗਨਾਂ ਨਾਲ ਚੌਂਕੇ ਚਾੜਿਆ ਗਿਆ, ਪਰ ਚੌਕੇ ਚੜ੍ਹਦਿਆਂ ਹੀ ਉਸ ਤੋਂ ਰੋਟੀ ਜਲ ਗਈ। ਸੱਸ ਨੂੰ ਗੁੱਸਾ ਤਾਂ ਆਇਆ ਪਰ ਉਹ ਆਪਣੇ ਗੁੱਸੇ ਨੂੰ ਪਿਆਰ ਵਿਚ ਬਦਲ ਗਈ, "ਕੋਈ ਨੀ ਪੁੱਤ ਕਦੇ ਕਦੇ ਹੋ ਹੀ ਜਾਂਦੈ।"

ਉਸ ਨੇ ਆਪਣੇ ਦਿਲ ਵਿਚ ਸ਼ੁਕਰ ਕੀਤਾ ਕਿ ਮੇਰੀ ਸੱਸ ਬੜੀ ਚੰਗੀ ਹੈ।

ਕੁਝ ਦਿਨਾਂ ਮਗਰੋਂ ਕੁੜੀ ਦੇ ਮਾਪੇ ਲੈਣ ਆਏ ਤਾਂ ਸੱਸ ਨੇ ਜਾਣ ਲੱਗੀ ਦੇ ਕੰਨ ਵਿਚ ਫੂਕ ਮਾਰੀ,"ਤੇਰਾ ਘਰ ਵਾਲਾ ਸਾਇਕਲ ਤੇ ਜਾਂਦਾ ਔਖਾ ਮਹਿਸੂਸ ਕਰਦੈ, ਆਪਣੇ ਪਿਉ ਨੂੰ ਆਖੀ ਜਵਾਈ ਨੂੰ ਸਕੂਟਰ ਹੀ ਲੈ ਦੇਵੇ।"

"ਮਾਂ ਜੀ ਕੋਸ਼ਿਸ਼ ਕਰਾਂਗੀ।" ਇਨ੍ਹਾਂ ਆਖ ਉਹ ਚਲੀ ਗਈ। ਜਦੋਂ ਵਾਪਸ ਆਈ ਤਾਂ ਸੱਸ ਨੇ ਫਿਰ ਪੁੱਛਿਆ, "ਸਕੂਟਰ ਬਾਰੇ ਕੀ ਕਹਿੰਦੇ ਸੀ ਤੇਰੇ ਮਾਪੇ।" "ਮਾਂ ਜੀ ਪਿਤਾ ਜੀ ਕਹਿੰਦੇ ਸਨ ਕਿ ਅਜੇ ਅਸੀਂ ਇਸ ਸਥਿਤੀ ਵਿਚ ਨਹੀਂ, ਜਦੋਂ ਇੰਨੇ ਜੋਗੇ ਹੋਏ ਤਾਂ ਦੇ ਦਿਆਂਗੇ।"

ਆਪਣੀ ਨੂੰਹ ਤੋਂ ਇਹ ਸ਼ਬਦ ਸੁਣਦਿਆਂ ਹੀ ਸੱਸ ਦੇ ਦਿਲ 'ਚ ਉਬਾਲ ਜਿਹੇ ਉੱਠਣ ਲੱਗ ਪਏ। ਉਸ ਦਿਨ ਸ਼ਾਮ ਨੂੰ ਰੋਟੀ ਪਕਾਉਣ ਲੱਗਿਆ ਸੱਸ ਉਸ ਦੇ ਸਾਹਮਣੇ ਬੈਠੀ, ਉਸ ਦੀ ਬਣਾਈ ਸ਼ਬਜ਼ੀ ਦਾ ਸੁਆਦ ਚੱਖਣ ਲੱਗੀ। "ਹੈਤ....ਤੇਰੇ....ਦੀ...ਕੁੱਤੀਏ ਸਬਜ਼ੀ ਵਿਚ ਸੁਧਾ ਲੂਣ ਪਾ ਕੇ ਵੀਹਾਂ ਰੁਪਈਆਂ ਦੀ ਸ਼ਬਜ਼ੀ ਦਾ ਸੱਤਿਆਨਾਸ ਕਰ ਦਿੱਤਾ। ਤੇਰੀ ਮਾਂ ਨੇ ਤੈਨੂੰ ਕੁਝ ਨਹੀਂ ਸਿਖਾਇਆ....ਨਾ ਤਾਮੀਜ਼...ਨਾ ਖਾਣਾ ਪਕਾਉਣਾ। ਜਵਾਈ ਨੂੰ ਸਕੂਟਰ ਦੇਣ ਦੀ ਗੱਲ ਸੁਣ ਕੇ ਜਿਊਂਦੇ ਹੀ ਮਰ ਗਏ....।"

ਸੱਸ ਦੇ ਮੂੰਹੋਂ ਨਿਕਲੇ ਇਨ੍ਹਾਂ ਖੌਰੇ ਬੋਲਾਂ ਨੇ ਉਸ ਦੇ ਦਿਲ 'ਚ ਬਣੀ ਸੱਸ ਦੀ ਤਸਵੀਰ ਤਿੜਕਾ ਦਿੱਤੀ ਤੇ ਉਸਦਾ ਦਿਲ ਕੀਤਾ ਕਿ ਉਹ ਹੱਥ 'ਚ ਫੜਿਆ ਆਟੇ ਦਾ ਪੇੜਾ ਸੱਸ ਦੇ ਮੂੰਹ ਤੇ.....ਪਰ ਉਹ ਇਸ ਤਰ੍ਹਾਂ ਵੀ ਨਾ ਕਰ ਸਕੀ।

੦੦੦੦

## ਚਾਦਰ

"ਆਹ ਕੀ ਆ.....ਇਹ ਸੂਟ ਲਿਆਇਆਂ, ਮੈਂ ਨੀ ਦੇਣ ਜਾਣਾ, ਸੜੀਉ ਜਿਹੀ ਚੀਜ ਚੁੱਕ ਲਿਆਉ, ਜਦ ਵੀ ਜਾਊ.....ਪੈਸੇ ਖੂਹ ਵਿਚ ਸੁੱਟ ਆਇਆ....ਤੇ ਹੁਣ ਨੱਕ ਵਢਾਉਣ ਨੂੰ ਮੈਨੂੰ ਕਰੂ ਮੋਹਰੇ, ਤੂੰ ਹੀ ਦੇ ਕੇ ਆਵੀਂ, ਤੇਰੀ ਈ ਭਤੀਜੀ ਲੱਗਦੀ ਆ.....। ਤੈਨੂੰ ਕੀ ਪਤੈ, ਸ਼ਰੀਕਣੀਆਂ ਦੇ ਤਾਨੇ ਤਾਂ ਤੀਰਾਂ ਤੋਂ ਵੀ ਤਿੱਖੇ....।"

ਇਕ ਤਾਂ ਉਹ ਆਪਣੀ ਗਰੀਬੀ ਤੋਂ ਦੁਖੀ ਸੀ ਤੇ ਦੂਜਾ ਸ਼ਰੀਕਣੀਆਂ ਤੋਂ...ਤੇ ਅੱਜ ਸਾਰਾ ਉਬਾਲ ਬੋਲ ਕੇ ਕੱਢ ਰਹੀ ਸੀ। ਉਸ ਦਾ ਗਰੀਬੜਾ ਜਿਹਾ ਦਿਹਾੜੀਦਾਰ ਪਤੀ ਨੇੜੇ ਹੀ ਮੰਜੀ ਤੇ ਬੈਠਾ ਉਸ ਦੀਆਂ ਸਭ ਕੌੜੀਆਂ ਕੁਸੈਲੀਆਂ ਸੁਣ ਰਿਹਾ ਸੀ।

"ਤੈਨੂੰ ਤਾਂ ਗੱਲਾਂ ਆਉਂਦੀਆਂ.....ਚਾਦਰ ਦੇਖ ਕੇ ਹੀ ਪੈਰ ਪਸਾਰਨੇ ਪੈਂਦੇ ਆ....ਇਹ ਵੀ ਤਿੰਨ ਸੌ ਦਾ.....ਤੇਰੇ ਨੱਕ ਬੁੱਲ੍ਹ ਨਹੀਂ ਲੱਗਦਾ, ਨਾਲੇ ਇਹ ਵੀ ਉਧਾਰ ਲੈ ਕੇ ਆਇਆ।" ਉਹ ਵੀ ਵਿਚਾਰਾ ਆਪਣੇ ਹਾਲਾਤਾਂ ਤੋਂ ਦੁਖੀ ਸੀ।

ਪਤਾ ਨਹੀਂ ਇਸ ਗਰੀਬੀ ਤੋਂ ਕੱਦ ਖਹਿੜਾ ਛੁਟੂ, ਚੱਲ ਛੱਡ , ਪਤਾ ਤਾਂ ਮੈਨੂੰ ਵੀ ਹੈਗਾ...ਪਈ ਅਸੀਂ....।" ਉਹ ਚੁੱਲੇ ਚੌਂਕੇ ਦੇ ਕੰਮ ਜਾ ਲੱਗੀ, ਕਿ ਉਸ ਦੀ ਨਜ਼ਰ ਉਸ ਦੀ ਛੋਟੀ ਕੁੜੀ ਦੀ ਫਟੀ ਫ਼ਰਾਕ 'ਤੇ ਜਾ ਅਟਕੀ.....।

0000

## ਵੱਡਾ ਦਾਨੀ

ਦੁਕਾਨਦਾਰ ਨੇ ਉਸ ਨੂੰ ਦਸਾਂ ’ਚੋਂ ਦੋ ਦੋ ਰੁਪੈ ਦੇ ਦੋ ਨੋਟ ਮੋੜ ਦਿੱਤੇ, ਉਸ ਵੇਲੇ ਤਾਂ ਉਸ ਨੇ ਨਾ ਦੇਖੇ ਪਰ ਬਾਅਦ ਵਿਚ ਜਦੋਂ ਉਸ ਨੇ ਦੇਖਿਆ ਤਾਂ ਇਕ ਨੋਟ ਬੁਰੀ ਤਰ੍ਹਾਂ ਫਟਿਆ ਹੋਇਆ ਸੀ। ਉਸ ਨੇ ਜਦੋਂ ਕੰਡਕਟਰ ਨੂੰ ਉਹੀ ਪੈਸੇ ਦੇ ਕੇ ਟਿਕਟ ਮੰਗੀ ਤਾਂ ਕੰਡਕਟਰ ਨੇ ਕਿਹਾ, “ਇਹ ਨੋਟ ਨਹੀਂ ਚੱਲਣਾ।” ਉਸ ਨੇ ਹੋਰ ਪੈਸੇ ਦੇ ਕੇ ਟਿਕਟ ਲਈ।

ਕੁਝ ਹੀ ਮਿੰਟਾਂ ਬਾਅਦ ਉਸ ਨੂੰ ਇਕ ਆਵਾਜ਼ ਸੁਣਾਈ ਦਿੱਤੀ, ਜੋ ਅਕਸਰ ਹੀ ਬੱਸ ਅੱਡਿਆਂ ਤੇ ਕੰਨਾਂ ਵਿਚ ਪੈ ਜਾਂਦੀ ਹੈ, “ਸਰਦਾਰ ਜੀ, ਮਾਈ ਭਾਈ ਜੀ, ਮੈਂ ਆਪ ਜੀ ਦਾ  ਸੇਵਕ ਪਿੰਗਲਵਾੜਾ ਅੰਮ੍ਰਿਤਸਰ ਤੋਂ ਆਇਆ ਹਾਂ, ਜਿੱਥੇ ਹਜ਼ਾਰਾਂ, ਗੂੰਗੇ, ਬੋਲੇ ਤੇ ਬੇਬੱਸ ਪਾਗਲ ਲੋਕ ਰਹਿੰਦੇ ਹਨ। ਆਸ਼ਰਮ ਦੀ ਨਾ ਕੋਈ ਜ਼ਮੀਨ ਜਾਇਦਾਦ ਹੈ ਅਤੇ ਨਾ ਹੀ ਆਮਦਨ ਦਾ ਹੋਰ ਕੋਈ ਵਸੀਲਾ ਹੈ। ਵੀਰ ਜੀ, ਇੱਥੇ 33ਹਜ਼ਾਰ ਤੋਂ ਵੱਧ ਹਰ ਰੋਜ਼ ਦਾ ਖ਼ਰਚ ਹੈ, ਜੋ ਆਪ ਜਿਹੇ ਮਹਾਂਪੁਰਸ਼ਾਂ ਦੇ ਦਾਨ ਨਾਲ ਹੀ ਚੱਲਦਾ ਹੈ। ਜੋ ਵੀ ਸਰਦਾ ਹੈ ਇਸ ਡੱਬੇ ਵਿਚ ਦਾਨ ਪਾਉ ਅਤੇ ਹਜ਼ਾਰਾਂ ਬੇਬੱਸ, ਲਾਚਾਰ ਅਤੇ ਪਾਗਲ ਲੋਕਾਂ ਦਾ ਸਹਾਰਾ ਬਣੋ।”

ਉਸਨੇ ਵੀ ਉਹ ਫ਼ਟਿਆ ਹੋਇਆਂ ਨੋਟ ਪੂਣੀ ਜਿਹੀ ਬਣਾ ਕੇ ਡੱਬੇ ਵਿਚ ਪਾ ਦਿੱਤਾ ਅਤੇ ਬੜੇ ਫ਼ਖਰ ਨਾਲ ਸਿਰ ਉੱਚਾ ਕਰ ਕੇ ਇਉਂ ਬੈਠ ਗਿਆ ਜਿਵੇਂ ਕੋਈ ਬੜਾ ਵੱਡਾ ਦਾਨੀ ਹੋਵੇ।

oooo

## .ਗਰੀਬੂ ਅਤੇ ਰੱਬ

ਉਹ ਦੋਵੇਂ ਗਰੀਬੂ ਅਤੇ ਉਸ ਦੀ ਘਰਵਾਲੀ ਕੱਚੇ ਰਸਤੇ ਆਪਣੇ ਦੋਵੇਂ ਬੱਚਿਆ ਨੂੰ ਨਾਲ ਲਈ ਤੁਰੇ ਜਾ ਰਹੇ ਸੀ, ਸ਼ਾਇਦ ਕਿਤੇ ਅੱਜ ਵਾਂਢੇ ਚੱਲੇ ਸੀ। ਅਚਾਨਕ ਹੀ ਇਕ ਤੇਜ਼ ਰਫ਼ਤਾਰ ਟਾਟਾ ਸੂਮੋ ਗੱਡੀ ਰਸਤੇ ਦੇ ਵਿਚਕਾਰਲੇ ਟੋਏ ਵਿਚੋਂ ਚਿੱਕੜ ਦੇ ਛਿੱਟੇ ਉਛਾਲਦੀ ਔਹ ਗਈ.....ਔਹ ਗਈ।

"ਓਏ ਤੇਰੀ ਦੀ....ਕਰਤਾ ਕੰਮ....ਭੈਣ ਦੇ.....।" ਗਰੀਬੂ ਦੇ ਮੂੰਹੋਂ ਗਾਲ ਨਿਕਲਦੀ ਨਿਕਲਦੀ ਰੁਕ ਗਈ। ਗਰੀਬੂ ਨੇ ਸਰਸਰੀ ਜਿਹੀ ਨਜ਼ਰ ਗੱਡੀ ਦਾ ਨੰਬਰ ਪੜ੍ਹਨ ਲਈ ਮਾਰੀ ਤਾਂ ਨੰਬਰ ਤੋਂ ਇਲਾਵਾ ਗੱਡੀ ਤੇ ਮੋਟੇ ਅੱਖਰਾਂ ਵਿਚ ਲਿਖਿਆ ਹੋਇਆ ਸੀ, "ਦਿੰਦਾ ਏ ਰੱਬ ਸੜਦੇ ਨੇ ਸਭ।"

ਗਰੀਬੂ ਪਾਣੀ ਨਾਲ ਪਰਨਾ ਭਿਉਂ ਕੇ ਕੱਪੜੇ ਸਾਫ਼ ਕਰਦਾ ਸੋਚ ਰਿਹਾ ਸੀ, ਰੱਬ ਵੀ 'ਦੋ ਨੰਬਰ' ਵਾਲਿਆ ਨੂੰ ਹੀ ਜ਼ਿਆਦਾ ਦਿੰਦੈ, ਗਰੀਬਾਂ ਵੱਲ ਉਹ ਵੀ ਨਿਗ੍ਹਾ ਘੱਟ ਹੀ ਮਾਰਦੈ।

0000

## ਏਕਸ ਕੇ ਹਮ ਬਾਰਿਕ

ਅਖ਼ਬਾਰ ਦੇ ਪਹਿਲੇ ਸਫ਼ੇ ਤੇ ਛਪੀ ਹੋਈ ਮੋਟੀ ਖ਼ਬਰ ਨੂੰ ਤੱਕਦਾ ਹਾਂ ਤਾਂ ਉਸ ਵਿਚ ਕੱਲ੍ਹ ਦੇ ਦੰਗਿਆਂ ਦੀਆਂ ਖ਼ਬਰਾਂ ਛਪੀਆਂ ਹੋਈਆਂ ਹਨ। ਪਤਾ ਨਹੀਂ ਕਿੰਨੇ ਮੁਸਲਮਾਨ, ਹਿੰਦੂਆਂ ਨੇ ਵੱਢ ਸੁੱਟੇ ਅਤੇ ਕਿੰਨੇ ਹੀ ਹਿੰਦੂ ਮੁਸਲਮਾਨਾਂ ਨੇ ਮਾਰ ਮੁਕਾਏ।

ਕਿਉਂ ਰੱਬ ਦੇ ਨਾਂ 'ਤੇ ਲੜਦੇ ਹਨ? ਕਿਉਂ ਕਿ ਧਰਮ ਦੇ ਨਾਂ 'ਤੇ ਲੜਦੇ ਹਨ?? ਜਦ ਕਿ ਕੋਈ ਵੀ ਧਰਮ ਆਪਸੀ ਲੜਾਈ ਦੀ ਸਿੱਖਿਆ ਨਹੀਂ ਦਿੰਦਾ, ਮੇਰੇ ਜਿਹਨ ਵਿਚ ਆਵਾਜ਼ ਆਈ।

ਇਨ੍ਹਾਂ ਖ਼ਬਰਾਂ ਦੇ ਘੇਰੇ ਵਿਚੋਂ ਬਾਹਰ ਨਿਕਲਦਾ ਹਾਂ ਤਾਂ ਆਪਣੇ ਦਫ਼ਤਰ ਦੀ ਦੀਵਾਰ ਤੇ ਲੱਗੀ ਕਿਸੇ ਬੜੇ ਕਲਾਕਾਰ ਦੀ ਬਣਾਈ ਹੋਈ ਪੇਟਿੰਗ ਤੇ ਨਜ਼ਰ ਜਾ ਅਟਕਦੀ ਹੈ, ਜਿਸ ਵਿਚ ਸਭ ਧਰਮਾਂ ਨੂੰ ਇਕੱਠੇ ਦਰਸਾ ਕੇ ਲਿਖਿਆ ਹੋਇਆ ਸੀ, "ਏਕ ਪਿਤਾ ਏਕਸ ਕੇ ਹਮ ਬਾਰਿਕ।"

oooo

## ਸਿਆਣੀ ਗੱਲ

ਦੋਹਾਂ ਭਰਾਵਾਂ ਦਾ ਆਪਸ ਵਿਚ ਕਿਸੇ ਗੱਲੋਂ ਤਕਰਾਰ ਹੋ ਗਿਆ। ਜਿਹਨਾਂ ਦੇ ਆਪਸੀ ਪਿਆਰ ਦੇ ਥਾਂ ਥਾਂ ਚਰਚੇ ਸਨ। ਫੁੱਟ ਪਾਊ ਅਨਸਰਾਂ ਨੇ ਲੋਹਾ ਲਾਲ ਦੇਖ ਹੋਰ ਸੱਟ ਮਾਰੀ, "ਨਾ ਤੂੰ ਕੋਈ ਉਹਦਾ ਮੁਥਾਜ਼ ਆ......ਆਪਣਾ ਕਮਾਉਨਾ, ਖਾਂਦਾ, ਵੱਡਾ ਹੋਊ ਆਪਣੇ ਥਾਂ......ਤੇਰੇ ਤੇ ਐਵੇਂ ਕਾਹਤੋਂ ਰੋਅਬ ਪਾਉਂਦਾ, ਤੂੰ ਤਾਂ ਐਵੇਂ ਡਰਦਾ ਰਹਿਨਾ ਉਸ ਤੋਂ......ਜੇ ਤੈਨੂੰ ਉਸ ਨੇ ਹੁਣ ਕੁਝ ਕਿਹਾ ਤਾਂ ਆਪਾਂ ਨਹੀਂ ਬਖ਼ਸ਼ਣਾ......।"

"ਤੁਸੀਂ ਕੀ ਆਖਣਾ ਉਹਨੂੰ....ਮੈਂ ਹੀ ਲਾ ਦਊਗਾ ਚਾਰ....ਜੇ ਉਹਨੇ ਹੁਣ ਕੁਝ ਕਿਹਾ ਤਾਂ......ਫੇਰ ਦੇਖੀ ਜਾਊ।" ਦੁਸ਼ਮਣਾਂ ਦੀ ਦਿੱਤੀ ਫ਼ੂਕ ਸ਼ਾਇਦ ਆਪਣਾ ਅਸਰ ਦਿਖਾ ਰਹੀ ਸੀ।

ਅੱਜ ਫਿਰ ਉਹਨਾਂ ਵਿਚ ਬਹਿਸ ਹੋ ਗਈ, ਗੱਲ ਵੱਧਦੀ ਵੱਧਦੀ ਹੱਥਾਂ ਵਿਚ ਲਾਠੀਆਂ ਤੱਕ ਜਾ ਪਹੁੰਚੀ ਤੇ ਲੋਕੀਂ ਖੜੇ ਤਮਾਸ਼ਾ ਦੇਖਦੇ ਰਹੇ.....ਇਕ ਸਿਆਣਾ ਬਜ਼ੁਰਗ ਲੜਖੜਾਉਦਾ ਹੋਇਆ ਡੰਗੋਰੀ ਸਹਾਰੇ ਉਹਨਾਂ ਕੋਲ ਮਸੀਂ ਪਹੁੰਚਾ, "ਪੁੱਤਰ! ਤੁਸੀਂ ਦੋਵੇਂ ਭਰਾ ਆਪਸ ਵਿਚ ਨਾ ਲੜੋ, ਕਿਸੇ ਦੀ ਚੁੱਕ ਵਿਚ ਆ ਕੇ ਤੁਸੀਂ ਆਪਣਾ ਹਸਦਾ ਵੱਸਦਾ ਘਰ ਨਾ ਉਜਾੜੋ। ਇਨ੍ਹਾਂ ਲੋਕਾਂ ਨੇ ਤਾਂ ਤੀਲੀ ਲਾ ਕੇ ਇਕ ਪਾਸੇ ਹੋ ਜਾਣਾ......ਘਰ ਜਲੂ ਤਾਂ ਤੁਹਾਡਾ.....ਸੇਕ ਲੱਗੂ ਤਾਂ ਤੁਹਾਡੇ ਪਿੰਡੇ, ਵਰ੍ਹਦੀ 'ਚ ਕੌਣ ਨੇੜੇ ਖੜ੍ਹਦੈ.....ਜੇ ਕੋਈ ਮਸਲਾ ਹੈਗਾ ਤਾਂ ਮਿਲ ਬੈਠ ਕੇ ਗੱਲ ਕਰ ਲਓ......ਅੱਗੇ ਤੁਹਾਡੀ ਮਰਜ਼ੀ......।"

ਉਹ ਆਪਣੀ ਗੱਲ ਕਹਿ ਕੇ ਤੁਰ ਪਿਆ, ਦੋਹਾਂ ਭਰਾਵਾਂ ਦੀਆਂ ਨਜ਼ਰਾਂ ਆਪਸ ਵਿਚ ਟਕਰਾਈਆਂ.....ਤੇ ਫਿਰ ਉਠੀਆਂ ਡਾਂਗਾਂ ਹਵਾ ਵਿਚ ਹੀ ਜੰਮ ਗਈਆਂ।

0000

## ਕੌੜਾ ਸੱਚ

"ਯਾਰ ਆਹ ਨਿੱਤ ਅਖ਼ਬਾਰਾਂ 'ਚ ਆਉਂਦੈ ਪਈ ਆਪਣਾ ਦੇਸ਼ ਤਰੱਕੀ ਕਰ ਰਿਹਾ.....ਨਵੀਆਂ ਨਵੀਆਂ ਖੋਜਾਂ ਕਰ ਰਿਹਾ, ਸਾਡੇ ਦੇਸ਼ ਦੇ ਬੰਦੇ ਚੰਦ ਤਾਰਿਆਂ ਤੇ ਪਹੁੰਚ ਗਏ, ਵਿਗਿਆਨਕ ਸੋਚ ਆ ਗਈ...ਮੈਨੂੰ ਤਾਂ ਇਹ ਸਭ ਫ਼ਜ਼ੂਲ ਲੱਗਦੈ।" ਮੈਂ ਅਖ਼ਬਾਰ ਦੀ ਇਕ ਖ਼ਬਰ ਨੂੰ ਪੜ੍ਹਨ ਤੋਂ ਬਾਦ ਆਪਣੇ ਇਕ ਦੋਸਤ ਨਾਲ ਆਪਣੇ ਦੇਸ਼ ਦੀ ਤਰੱਕੀ ਬਾਰੇ ਵਿਚਾਰ ਵਟਾਂਦਰਾ ਕਰਨ ਲੱਗ ਪਿਆ।

"ਹਾਂ ਯਾਰ, ਇਹਦੇ 'ਚ ਕੋਈ ਸ਼ੱਕ ਨਹੀਂ.....ਸਾਡਾ ਦੇਸ਼ ਹੁਣ ਸੱਚ ਮੁੱਚ ਹੀ ਤਰੱਕੀ ਕਰ ਗਿਆ। ਤੂੰ ਦੇਖਿਆ ਵਿਗਿਆਨ ਨੇ ਚਮਤਕਾਰੀ ਚੀਜ਼ਾਂ ਤਿਆਰ ਕਰ ਕੇ ਮਨਾਂ 'ਚੋਂ ਵਹਿਮ ਭਰਮ ਅਤੇ ਅੰਧ ਵਿਸ਼ਵਾਸ਼ ਦੂਰ ਕਰ ਦਿੱਤੇ.....ਹੁਣ ਲੋਕ ਪੜ੍ਹ ਲਿਖਕੇ ਸਮਝਦਾਰ ਹੋ ਗਏ ਆ।"

"ਦੋਸਤਾ ਇਹੀ ਤਾਂ ਰੋਣਾਂ.....ਇਹ ਸਾਡਾ ਭਰਮ ਹੈ ਕਿ ਅਸੀਂ ਤਰੱਕੀ ਕਰ ਰਹੇ ਹਾਂ। ਅੰਧ ਵਿਸ਼ਵਾਸ਼ ਤਾਂ ਲੋਕਾਂ ਦੇ ਮਨਾਂ ਵਿਚ ਅਜੇ ਵੀ ਕਾਇਮ ਹੈ.....ਆਹ ਸਾਇੰਸ ਨੇ ਕੰਪਿਊਟਰ ਬਣਾ ਦਿੱਤੇ ਆ.......ਪਹਿਲਾਂ ਤਾਂ ਲੋਕ ਸਵਾ ਰੁਪਿਆ ਦੇ ਕੇ ਪੰਡਤਾਂ ਕੋਲੋਂ ਹੱਥ ਦਿਖਾਉਂਦੇ ਸੀ, ਹੁਣ ਗਿਆਰਾਂ ਸੌ ਦੇ ਕੇ ਕੰਪਿਊਟਰ ਵਿਚ ਹੱਥ ਦਿਖਾਉਂਦੇ ਨੇ.....।" ਇਸ ਕੌੜੇ ਸੱਚ ਨੂੰ ਸੁਣ ਕੇ ਮੇਰਾ ਦੋਸਤ ਵੀ ਸੋਚੀ ਪੈ ਗਿਆ।

0000

## ਆਸ ਦੀ ਕਿਰਨ

ਉਹ ਅੰਤਾਂ ਦੀ ਦੁਖੀ ਸੀ, ਵਿਚਾਰੀ ਕਿਸਮਤ ਦੀ ਮਾਰੀ। ਉਸ ਦੇ ਕਰਮਾਂ ਵਿਚ ਜਿਵੇਂ ਰੋਣਾ ਹੀ ਲਿਖਿਆ ਹੋਵੇ। ਦਰ ਦਰ ਦੀਆਂ ਠੋਕਰਾਂ ਜਿਵੇਂ ਉਸ ਦਿਆਂ ਲੇਖਾਂ ਵਿਚ ਲਿਖਣ ਵਾਲੇ ਲਿਖ ਦਿਤੀਆਂ ਅਤੇ ਉਹ ਭੋਗ ਰਹੀ ਸੀ।

ਗਰੀਬੀ ਵਿਚ ਜੰਮੀ, ਗਰੀਬੀ ਵਿਚ ਪਲੀ, ਵੱਡੀ ਹੋਈ ਤੇ ਫਿਰ ਇਕ ਦਿਨ ਮਾਪਿਆਂ ਸੱਧਰਾਂ ਦੇ ਨਾਲ ਡੋਲੀ ਵਿਚ ਬਿਠਾ ਤੋਰ ਦਿਤਾ ਅਤੇ ਆਪਣੇ ਫ਼ਰਜ਼ ਤੋਂ ਸੁਰਖਰੂ ਹੋ ਗਏ।

ਪਰ, ਉਸਦੀ ਤਕਦੀਰ ਮਾੜੀ ਨਿਕਲੀ, ਕੁਝ ਦਿਨਾਂ ਪਿਛੋਂ ਦਾਜ ਦੇ ਲਾਲਚੀਆਂ ਨੇ ਵਾਪਸ ਘਰ ਭੇਜ ਦਿੱਤੀ। ਨਿਰਾਸ਼ ਅਤੇ ਬੁਝੀ ਜਿਹੀ ਜ਼ਿੰਦਗੀ ਫਿਰ ਸ਼ੁਰੂ ਹੋ ਗਈ....ਤੇ ਫਿਰ ਉਹ ਆਪਣੀ ਜ਼ਿੰਦਗੀ ਵਿਚ ਖੁਸ਼ੀਆਂ ਅਤੇ ਖੇੜੇ ਦੇਖਣ ਲਈ ਕਿਸੇ ਹੋਰ ਕਿਰਨ ਦੀ ਤਲਾਸ਼ ਕਰਨ ਲੱਗੀ।

ਅਚਾਨਕ ਫਿਰ ਜ਼ਿੰਦਗੀ ਦਾ ਇਕ ਮੋੜ ਆਇਆ, ਕੁਝ ਪਲਾਂ ਲਈ ਉਸ ਨੂੰ ਅਹਿਸਾਸ ਹੋਇਆ ਕਿ ਸ਼ਾਇਦ ਮੈਂ ਸਵਰਗ ਦੇਖ ਲਿਆ ਹੈ, ਪਰ ਨਹੀਂ....ਇਸ ਵਾਰ ਉਸ ਨੂੰ ਸਟੋਵ ਦੀ ਅੱਗ ਦੀ ਤਪਸ਼ ਆਪਣੇ ਸੋਹਲ ਜਿਹੇ ਪਿੰਡੇ 'ਤੇ ਸਹਿਣੀ ਪਈ....ਤੇ ਅੱਜਕਲ ਉਹ ਕਿਸੇ ਆਸ ਵਿਚ ਨਹੀਂ, ਨਿਰਾਸ਼ਤਾ ਵਿਚ ਹੀ ਖੁਸ਼ੀ ਮਹਿਸੂਸ ਕਰ ਲੈਂਦੀ ਹੈ ਤੇ ਜਦ ਕਦੇ ਕੋਈ ਆਸ ਦੀ ਕਿਰਨ ਬਾਰੇ ਗੱਲ ਕਰਦਾ ਹੈ ਤਾਂ ਉਸ ਨੂੰ ਆਪਣਾ ਪਿੰਡਾ ਉਸ ਕਿਰਨ ਦੀ ਤਪਸ਼ ਨਾਲ ਜਲਦਾ ਮਹਿਸੂਸ ਹੁੰਦਾ ਹੈ ਤੇ ਉਹ ਚੀਖ਼ ਮਾਰ, ਉੱਚੀ ਉੱਚੀ ਭੁੱਬੀ ਰੋਣ ਲੱਗ ਪੈਂਦੀ ਹੈ।

oooo

## ਇਨਸਾਫ਼

ਪਿੰਡ ਵਿਚ ਕੁਝ ਸਮੇਂ ਤੋਂ ਚੋਰੀ ਦੀਆਂ ਵਾਰਦਾਤਾਂ ਵਧਦੀਆਂ ਜਾ ਰਹੀਆਂ ਸਨ, ਤੰਗ ਆ ਕੇ ਪਿੰਡ ਦੇ ਸਰਪੰਚ ਨੇ ਪਹਿਰਾ ਲਗਾਉਣ ਦੀ ਸਲਾਹ ਦਿੱਤੀ। ਦਸ ਕੁ ਮੁੰਡਿਆਂ ਤੋਂ ਇਲਾਵਾ ਕੋਈ ਵੀ ਪਹਿਰਾ ਲਾਉਣ ਲਈ ਅੱਗੇ ਨਾ ਆਇਆ, ਸਾਰੇ ਹੀ ਰੌਲੇ ਰੱਪੇ ਕਾਰਨ ਡਰਦੇ ਸਨ। ਹਰ ਰੋਜ਼ ਦੀਆਂ ਖ਼ਬਰਾਂ ਨੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਸੀ।

ਉਹ ਨੌਜਵਾਨ ਮੁੰਡੇ ਕਿਰਪਾਨਾਂ ਲੈ ਕੇ ਪਹਿਰਾ ਲਗਾਉਣ ਲਈ ਚਲੇ ਗਏ। ਅਚਾਨਕ ਰਾਤ ਨੂੰ ਕੁਝ ਦਹਿਸ਼ਤ ਵਾਦੀ ਆਏ, ਜੋ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਸਨ, ਨੇ ਗੋਲੀਆਂ ਚਲਾ ਕੇ ਸਾਰਿਆਂ ਨੂੰ ਮਾਰ ਦਿੱਤਾ। ਪਿੰਡ ਵਿਚ ਹਾ ਹਾ ਕਾਰ ਮੱਚ ਗਈ, ਸਾਰੇ ਪਿੱਟ ਸਿਆਪਾ ਪੈ ਗਿਆ।

ਤੀਸਰੇ ਦਿਨ ਅਖ਼ਬਾਰ ਦੀ ਮੁੱਖ ਸੁਰਖੀ ਸੀ, “ਅੱਤਵਾਦੀਆਂ ਦੇ ਦੋ ਗਰੁੱਪਾਂ ਵਿਚ ਆਪਸੀ ਲੜਾਈ ਕਾਰਨ ਦਸ ਅੱਤਵਾਦੀ ਮਾਰੇ ਗਏ, ਉਨ੍ਹਾਂ ਤੋਂ ਬਹੁਤ ਸਾਰਾ ਗੋਲੀ ਸਿੱਕਾ ਵੀ ਪ੍ਰਾਪਤ ਹੋਇਆ।”

ਜਿਨ੍ਹਾਂ ਮਾਵਾਂ ਦੇ ਨਿਰਦੋਸ਼ੇ ਪੁੱਤ ਮਾਰੇ ਗਏ ਸਨ, ਉਹਨਾਂ ਦੇ ਹੱਥ ਰੱਬ ਤੋਂ ਇਨਸਾਫ਼ ਮੰਗਣ ਲਈ ਉੱਠ ਖੜੇ ਹੋਏ।

0000

## ਪੱਥਰ

ਚਿਰਾਂ ਤੋਂ ਸੱਖਣੀ ਕੁੱਖ ਵੇਖ ਸਭ ਨੂੰ ਆਸ ਬੁਝਦੀ ਨਜ਼ਰ ਆਉਂਦੀ ਸੀ। ਬਹੁਤ ਡਾਕਟਰੀ ਇਲਾਜ਼ ਤੋਂ ਬਾਅਦ ਉਨ੍ਹਾਂ ਨੂੰ ਕੁਝ ਆਸ ਹੋਈ ਤੇ ਉਹਨਾਂ ਦੇ ਘਰ ਨੂੰ ਲੜਕੀ ਨੇ ਭਾਗ ਲਾਏ। ਉਨ੍ਹਾਂ ਨੇ ਢੇਰਾ ਖੁਸ਼ੀਆਂ ਕੀਤੀਆਂ। ਰਿਸ਼ਤੇਦਾਰਾਂ ਨੂੰ ਚਾਵਾਂ ਨਾਲ ਬੁਲਾਇਆ ਤੇ ਬੱਚੀ ਨੂੰ ਰੇਸ਼ਮ ਦੇ ਪੋਤੜਿਆਂ ਵਿਚ ਲਪੇਟ ਆਲੀਸ਼ਾਨ ਝੂਲੇ ਵਿਚ ਰੱਖਿਆ। ਮਠਿਆਈਆਂ ਵੰਡੀਆਂ।

ਫਿਰ ਇਕ ਤੋਂ ਬਾਅਦ ਦੂਜੀ...ਤੇ ਫਿਰ ਤੀਜੀ ਕੁੜੀ....। ਸਾਰਾ ਟੱਬਰ ਨਾਮੋਸ਼ੀ ਦੇ ਸਾਗਰ ਵਿਚ ਗੁੰਮ ਹੋ ਗਿਆ। ਸਭ ਦੇ ਚਿਹਰਿਆਂ 'ਤੇ ਕਬਰਾਂ ਵਰਗੀ ਚੁੱਪ ਸੀ।

ਐਤਕੀਂ ਫਿਰ ਤੋਂ ਆਸ ਹੋਈ ਕਿ ਪੁੱਤਰ ਹੋਏਗਾ, ਪਰ ਐਤਕੀਂ ਵੀ.....।

"ਨਾ ਭੈਣੇ ਕੀ ਹੋਇਆ...?" ਕਿਸੇ ਦੀ ਸਵਾਲੀਆ ਬੋਲੀ ਨੇ ਚੌਂਕਾਇਆ।

"ਨੀਂ ਕੀ ਦੱਸਾਂ, ਚੌਥਾ ਵੀ ਇਸ ਕੁਲੱਛਣੀ ਨੇ ਪੱਥਰ ਈ ਜੰਮ ਦਿੱਤੈ।"

ਇਹ ਅਲਫ਼ਾਜ਼ ਕੁੜੀਆਂ ਦੀ ਦਾਦੀ ਦੇ ਸਨ, ਜਿਸ ਨੇ ਪਹਿਲੀ ਕੁੜੀ ਦੇ ਅਨੇਕਾਂ ਚਾਅ ਕੀਤੇ ਸਨ।

oooo

## ਅਮੀਰੀ ਬਨਾਮ ਗਰੀਬੀ

ਉਹ ਜਿਉਂ ਹੀ ਘਰ ਵੜਿਆ, ਅੱਜ ਫਿਰ ਉਸ ਨੂੰ, ਉਹਨਾਂ ਹੀ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਿਹਨਾਂ ਦਾ ਸਾਹਮਣਾ ਕਰਦਿਆਂ ਉਹ ਅਕਸਰ ਨਾਮੋਸ਼ੀ ਜਿਹੀ ਮਹਿਸੂਸ ਕਰਦਾ ਸੀ।

“ਡੈਡੀ ਤੁਸੀਂ ਕਹਿੰਦੇ ਸੀ, ਅੱਜ ਵਰਦੀ ਲੈ ਕੇ ਆਊਗਾ....ਕਿਥੇ ਆ ਮੇਰੀ ਵਰਦੀ....।”

“ਪੁੱਤ ਦਰਜ਼ੀ ਦੇ ਦਿੱਤੀ ਆ....ਉਹ ਕਹਿੰਦਾ ਸੀ ਅਜੇ ਦੋ ਦਿਨ ਲੱਗ ਜਾਣੇ ਆ...।” ਉਸ ਨੇ ਕੁੜੀ ਨੂੰ ਲਾਰਾ ਲਾ ਕੇ ਚੁੱਪ ਕਰਾ ਦਿੱਤਾ।

“ਮੰਮੀ, ਮੇਰੀ ਸੈਤਲੀ ਵੀ ਦੋ ਦਿਨ ਬਾਅਦ....।” ਨਿੱਕੇ ਅਤੇ ਪਿਆਰੇ ਗੈਰੀ ਨੇ ਵੀ ਆਪਣੀ ਸਾਈਕਲੀ ਦੀ ਮੰਗ ਯਾਦ ਕਰਾ ਦਿੱਤੀ।

“ਹਾਂ, ਪੁੱਤ ਸੈਕਲੀ ਵੀ ਲੈ ਕੇ ਦਿਆਂਗੇ, ਸੋਹਣੀ ਜਿਹੀ.....ਹੁਣ ਦੁੱਧੂ ਪੀ ਕੇ ਸੌਂ ਜਾ....।” ਮਾਂ ਨੇ ਪੁੱਤ ਨੂੰ ਪੁਚਕਾਰ ਕੇ ਸੁਲਾ ਦਿੱਤਾ।

“ਚੰਨੋ....।” ਉਹ ਪਤਨੀ ਨੂੰ ਸੰਬੋਧਿਤ ਹੋਇਆ। ‘ਤੂੰ ਰੋਟੀ ਖਾ ਲਈ....?’

“ਹਾਂ....ਖਾ ਲਈ....ਪਰ ਗਰੀਬਾਂ ਦਾ ਖਾਣ ਵੀ ਕੋਈ ਖਾਣ ਹੁੰਦੈ, ਮਾੜੇ ਸਾਡੇ ਲੇਖ, ਬੱਚਿਆਂ ਦੀ ਕੋਈ ਖ਼ਾਹਿਸ਼ ਵੀ ਅਸੀਂ ਪੂਰੀ ਨਹੀਂ ਕਰ ਸਕਦੇ। ਕੀ ਗ਼ਰੀਬ ਬੰਦਾ ਕਦੇ ਰੱਜਵੀਂ ਰੋਟੀ ਨਹੀਂ ਖਾ ਸਕਦਾ।” ਚੰਨੋ ਦੀਆਂ ਅੰਦਰ ਨੂੰ ਧਸੀਆਂ ਅੱਖਾਂ ਆਪਣੇ ਗ਼ਰੀਬ ਪਤੀ ਦੇ ਚਿਹਰੇ ’ਚੋਂ ਆਪਣੇ ਸਵਾਲ ਦਾ ਜੁਆਬ ਭਾਲਣ ਲੱਗੀਆਂ।

ਉਸਨੇ ਗੁਆਂਢ ਵਿਚ ਉੱਚੀਆਂ, ਹੋਰ ਉੱਚੀਆਂ ਹੋ ਰਹੀਆਂ ਇਮਾਰਤਾਂ ਵੱਲ ਤੱਕਿਆ। ਫਿਰ ਚੰਨੋ ਦੀਆਂ ਅੱਖਾਂ ਵਿਚਜ ਅੱਖਾਂ ਪਾਕੇ ਦੇਖਣ ਲੱਗਾ। ਚੰਨੋ ਨੇ ਖ਼ਾਮੋਸ਼ੀ ਦੀ ਇਬਾਰਤ ਪੜ੍ਹਦਿਆਂ ਸਾਰੀ ਗੱਲ ਸਮਝ ਲਈ।

0000

## ਤਰਕਸ਼ੀਲ

ਜਦੋਂ ਵੀ ਕੋਈ ਭੂਤਾਂ ਪ੍ਰੇਤਾਂ ਦੀ ਗੱਲ ਕਰਦਾ ਤਾਂ ਉਹ ਅੱਗ ਬਬੂਲਾ ਹੋ ਜਾਂਦਾ ਕਹਿੰਦਾ, "ਭੂਤ ਪ੍ਰੇਤ ਨਹੀਂ ਹੁੰਦੇ, ਇਹ ਤਾਂ ਐਵੇਂ ਹੀ ਮਨ ਦਾ ਵਹਿਮ ਹੁੰਦਾ ਹੈ।"

ਕੱਲ ਸ਼ਾਮੀਂ ਘਰ ਜਾਂਦਿਆਂ ਨੂੰ ਉਸ ਨੂੰ ਹਨੇਰਾ ਹੋ ਗਿਆ ਸੀ, ਅੱਜ ਸਵੇਰੇ ਜਦੋਂ ਉਹ ਕੰਮ ਤੇ ਆਇਆ ਤਾਂ ਉਹ ਕੁਝ ਘਬਰਾਇਆ ਜਿਹਾ ਸੀ, "ਕੀ ਗੱਲ ਹੋਈ, ਬੜਾ ਘਬਰਾਇਆ ਜਿਹਾ ਲੱਗਦਾ ਹੈ।" ਮੈਂ ਸਰਸਰੀ ਜਿਹਾ ਪੁੱਛਿਆ।

"ਕੀ ਦੱਸਾਂ ਭਰਾਵਾਂ, ਰਾਤੀਂ ਤਾਂ ਮੈਂ ਬਚ ਗਿਆ, ਪਿੰਡੋ ਉਰੇ ਸਿਵਿਆਂ ਕੋਲੋਂ ਮੈਨੂੰ ਕਿਸੇ ਨੇ ਵਾਜਾਂ ਮਾਰੀਆਂ, ਕਈ ਤਰ੍ਹਾਂ ਦੀਆਂ ਰੰਗ ਬਿਰੰਗੀਆਂ ਵਾਜ਼ਾਂ। ਮੈਂ ਤਾਂ ਵਾਹਿਗੁਰੂ  ਵਾਹਿਗੁਰੂ ਕਰਦਾ ਤੇਜ਼ ਸਾਇਕਲ ਚਲਾ ਕੇ ਮਸੀਂ ਘਰ ਪਹੁੰਚਿਆਂ।"

ਮੈਨੂੰ ਇਸ ਤਰ੍ਹਾਂ ਜਾਪਿਆ, ਜਿਵੇਂ ਅੱਜ ਤੱਕ ਉਹ ਆਪਣੇ ਤਰਕਸ਼ੀਲ ਹੋਣ ਦਾ ਭਰਮ ਹੀ ਪਾਲਦਾ ਰਿਹਾ ਹੋਵੇ।

oooo

## ਸਾਂਝੀਆਂ ਇੱਜ਼ਤਾਂ

"ਭਈਆ ਜੈਹ ਚੈਨ ਲਗਾਨਾ।"

"ਕਿਆ....?" ਟੇਲਰ ਮਾਸਟਰ ਨੇ ਹੈਰਾਨ ਹੋ ਕੇ ਕਿਹਾ, ਸ਼ਾਇਦ ਉਹ ਸਮਝ ਨਹੀਂ ਸਕਿਆ ਸੀ ਕਿ ਵਿਆਹ ਸ਼ਾਦੀਆਂ ਵੇਲੇ ਨੱਚਣ ਗਾਉਣ ਵਾਲੀ ਜੈਂਪਰ ਦੀ ਖ਼ਰਾਬ ਹੋ ਚੁੱਕੀ ਜਿੱਪ ਨਵੀਂ ਲਗਾਉਣ ਲਈ ਕਹਿ ਰਹੀ ਸੀ।

'ਲਾ ਦਿੰਦੇ ਹਾਂ ਬੈਠ ਜਾਹ।'

ਉਹ ਟੇਲਰ, ਜਿੱਪ ਲਗਾਉਂਦਾ ਹੋਇਆ ਕੁੜੀ ਵੱਲ ਭੈੜੀ ਨਜ਼ਰ ਨਾਲ ਤੱਕ ਰਿਹਾ ਸੀ, ਉਹ ਕੁੜੀ ਬਹੁਤ ਹੀ ਭੋਲੀ, ਪਰ ਅੰਤਾਂ ਦੀ ਸੁਨੱਖੀ ਸੀ। ਉਸ ਟੇਲਰ ਨੇ ਉਸ ਨਾਲ ਭੱਦਾ ਜਿਹਾ ਮਜ਼ਾਕ ਕੀਤਾ ਪਰ ਉਹ 'ਸਾਊ ਗਾਂ' ਵਾਂਗ ਚੁੱਪ ਰਹੀ, ਸ਼ਾਇਦ ਉਹ ਜਾਣਦੀ ਸੀ ਕਿ ਅਜਿਹੇ ਮੌਕੇ ਬੋਲਣ ਨਾਲੋਂ ਤਾਂ ਚੁੱਪ ਹੀ ਚੰਗੀ ਹੁੰਦੀ ਹੈ। ਟੇਲਰ ਨੇ ਜਿੱਪ ਲਾ ਕੇ ਜੈਂਪਰ ਫੜਾਉਂਦਿਆਂ ਹੋਇਆ ਜਿੱਪ ਦੇ ਦਸ ਰੁਪੈ ਮੰਗੇ। ਕੁੜੀ ਜਿਉਂ ਹੀ ਪੈਸੇ ਫੜਾਉਣ ਲੱਗੀ ਤਾਂ ਬਦਨੀਤੇ ਟੇਲਰ ਨੇ ਉਸ ਦਾ ਹੱਥ ਫੜ ਲਿਆ। ਕੁੜੀ ਨੇ ਸਰਾਫ਼ਤ ਦਾ ਸਬੂਤ ਦਿੰਦਿਆਂ ਹੋਇਆਂ ਹੱਥ ਛੁਡਾਇਆ ਤੇ ਚਲੀ ਗਈ।

'ਕਿਆ ਚੀਜ਼ ਸੀ, ਨਿਰੀ ਅੱਗ ਦੀ ਲਾਟ....।' ਹੋਰ ਵੀ ਕਈ ਕੁਝ....ਸ਼ਰਮ ਹਿਆ ਦੀ ਸੀਮਾ ਹੀ ਪਾਰ ਕਰ ਦਿੱਤੀ।

'ਘਰ ਕੋਈ ਭੈਣ ਹੈ ਨੀ।' ਅਚਾਨਕ ਸਾਹਮਣੇ ਖੜੇ ਸਾਊ ਜਿਹੇ ਮੁੰਡੇ ਦੇ ਇਨ੍ਹਾਂ ਬੋਲਾਂ ਨੇ ਟੇਲਰ ਦਾ ਸੀਨਾ ਛਲਣੀ ਕਰ ਦਿੱਤਾ।

'ਤੇਰੀ ਤਾਂ ਉਏ....।' ਆਪਣੀ ਭੈਣ ਬਾਰੇ ਉਹ ਨਾ ਸਹਾਰ ਸਕਿਆ।

'ਵੀਰੇ, ਮੇਰੀ ਗੱਲ ਦਾ ਗੁੱਸਾ ਨਾ ਕਰੀਂ, ਭੈਣ ਤਾਂ ਤੇਰੀ ਹੋਈ ਜਾਂ ਮੇਰੀ, ਇੱਜ਼ਤ ਤਾਂ ਸਭ ਦੀ ਇਕੋ ਜਿਹੀ ਹੁੰਦੀ ਏ.....ਤੇ ਉਹ ਵੀ ਤਾਂ ਕਿਸੇ ਦੀ ਧੀ ਭੈਣ ਹੋਵੇਗੀ।'

ਤੇ ਫਿਰ......ਟੇਲਰ ਕੁਝ ਵੀ ਨਾ ਬੋਲ ਸਕਿਆ।

0000

## ਆਪਣੀ ਭੈਣ

ਕੱਲ੍ਹ ਤਾਂ ਉਸ ਨੇ ਹੱਦ ਹੀ ਕਰ ਦਿੱਤੀ, ਇਹ ਠੀਕ ਸੀ ਕਿ ਉਸ ਨੇ ਦਾਰੂ ਪੀਤੀ ਹੋਈ ਸੀ, ਸ਼ਾਇਦ ਪੀ ਵੀ ਜ਼ਿਆਦਾ ਹੀ ਗਿਆ ਸੀ। ਉਸ ਨੂੰ ਕੱਲੀ ਜਾਣ ਉਸ ਨੇ ਹੱਦਾਂ ਬੰਨੇ ਟੱਪਣ ਦੀ ਕੋਸ਼ਿਸ਼ ਕੀਤੀ। ਉਸ ਵਿਚਾਰੀ ਦੀ ਭਾਜੀ ਭਾਜੀ ਕਹਿ ਕੇ ਜ਼ੁਬਾਨ ਥੱਕ ਗਈ, ਖੈਰ ਕਿਸੇ ਤਰ੍ਹਾਂ ਉਸ ਨੇ ਆਪਣੇ ਆਪ ਨੂੰ ਬਚਾ ਲਿਆ ਅਤੇ ਆਪਣੀ ਇੱਜ਼ਤ ਸਹੀ ਸਲਾਮਤ ਲੈ ਕੇ ਘਰ ਪਹੁੰਚ ਗਈ।

ਸਵੇਰੇ ਸਵੇਰੇ ਅਜ ਜਦੋਂ ਉਸਦਾ ਉਸ ਨਾਲ ਸਾਹਮਣਾ ਹੋਇਆ ਤਾਂ ਕੁੜੀ ਵਿਚਾਰੀ ਸ਼ਰਮ ਦੀ ਮਾਰੀ ਅੱਖ ਨਾ ਚੁੱਕ ਸਕੀ, ਪਰ ਉਸ ਦੇ ਚਿਹਰੇ ਤੇ ਕੋਈ ਖੌਫ਼ ਕੋਈ ਡਰ ਨਹੀਂ ਸੀ। ਉਸ ਨੇ ਕੁੜੀ ਨੂੰ ਬੁਲਾਇਆ, ਪਹਿਲਾਂ ਤਾਂ ਕੁੜੀ ਨੇ ਚੁੱਪ ਰਹਿਣਾ ਚੰਗਾ ਸਮਝਿਆ ਪਰ ਆਖਰ ਕੁੜੀ ਬੋਲ ਹੀ ਪਈ, "ਅੱਜ ਤੋਂ ਬਾਅਦ ਤੂੰ ਮੈਨੂੰ ਕਦੇ ਵੀ ਬੁਲਾਉਣ ਦੀ ਕੋਸ਼ਿਸ਼ ਨਾ ਕਰੀਂ, ਤੂੰ ਸ਼ਾਇਦ ਮੈਨੂੰ ਇਹ ਦੱਸਣਾ ਚਾਹੁੰਦਾ ਏ ਕਿ ਤੂੰ ਰਾਤੀਂ ਜੋ ਵੀ ਕੀਤਾ, ਉਹ ਸਭ ਨਸ਼ੇ ਵਿਚ ਹੋਣ ਕਰਕੇ ਹੋ ਗਿਆ, ਪਰ ਮੈਂ ਜਾਣਦੀ ਹਾਂ ਕਿ ਤੂੰ ਉਹ ਸਭ ਜਾਣ ਬੁਝ ਕੇ ਹੀ ਕੀਤਾ ਹੈ, ਅਗਰ ਉਹ ਸਭ ਕੁਝ ਨਸ਼ੇ ਵਿਚ ਹੋਇਆ ਹੁੰਦਾ ਤਾਂ ਸ਼ਾਇਦ ਮੇਰੀ ਥਾਂ ਤੇਰੀ ਆਪਣੀ ਭੈਣ ਜਾਂ ਮਾਂ ਹੁੰਦੀ....ਪਰ ਨਹੀਂ....ਇਹ ਮੇਰੇ ਨਾਲ ਤਾਂ ਹੋਇਆ ਕਿਉਂ ਕਿ ਮੈਂ ਤੇਰੀ ਆਪਣੀ ਭੈਣ ਨਹੀਂ.....।"

0000

## ਮਾਸੂਮ ਘੁੱਗੀ

ਕੰਮੀਆਂ ਦੀ ਸ਼ਾਮੋ ਲੰਬੜਾਂ ਦੇ ਖ਼ੇਤਾਂ ਵਿਚ ਸਿੱਲ ਚੁੱਗਣ ਗਈ, ਪਰ ਅੰਦਰੋਂ ਉਹ ਲੰਬੜਾਂ ਦੇ ਮੁੰਡੇ ਬੀਰੇ ਦਾ ਖ਼ਿਆਲ ਕਰ ਕੇ ਡਰ ਰਹੀ ਸੀ, ਕਿਉਂ ਕਿ ਉਸ ਦੇ ਬਾਰੇ ਉਸ ਨੇ ਸੁਣਿਆ ਸੀ ਕਿ ਉਹ ਬੜੇ ਮਾੜੇ ਆਚਰਣ ਦਾ ਬੰਦਾ ਹੈ।

ਉਹ ਡਰੀ ਸਹਿਮੀ ਸ਼ਿੱਟੇ ਚੁੱਗ ਚੁੱਗ ਕੇ ਆਪਣੀ ਝੋਲੀ ਵਿਚ ਪਾ ਰਹੀ ਸੀ ਕਿ ਅਚਾਨਕ ਉਸ ਨੂੰ ਇਕ ਪਾਸਿਉ ਆਉਂਦਾ ਬੀਰਾ ਦਿਖਾਈ ਦਿੱਤਾ।

“ਸ਼ਿੱਟਿਆ ਦਾ ਕੀ ਚੁੱਗਣਾ, ਭਰੀ ਚੁੱਕ ਲੈ ਸ਼ਾਮੋਂ।” ਬੀਰੇ ਨੇ ਇੰਨਾ ਕਹਿੰਦਿਆਂ ਉਸ ਦੀ ਬਾਂਹ ਫੜਨ ਦਾ ਯਤਨ ਕੀਤਾ।

“ਨਹੀਂ ਬੀਰਿਆ, ਗਰੀਬਾਂ ਲਈ ਮਾੜਾ ਨਹੀਂ ਸੋਚੀਦਾ।” ਉਹ ਝੋਲੀ ਸਮੇਟਦੀ ਹੋਈ ਖੇਤੋਂ ਬਾਹਰ ਵੱਲ ਨੂੰ ਤੁਰ ਪਈ। ਜਿਵੇਂ ਹੀ ਸ਼ਾਮੋਂ ਖੇਤ ਦੇ ਵਿਚਕਾਰ ਲੱਗੇ ਭਰੀਆਂ ਦੇ ਕੁਨੂੰ ਕੋਲ ਪਹੁੰਚੀ ਤਾਂ ਬੀਰੇ ਨੇ ਆਪਣੇ ਜ਼ਾਲਮ ਹੱਥਾਂ ਨਾਲ ਸ਼ਾਮੋਂ ਦੀ ਨਰਮ ਕਲਾਈ ਨੂੰ ਫੜ ਲਿਆ ਅਤੇ ਜ਼ਬਰਦਸਤੀ ਕਰਨ ਲੱਗਾ। ਸ਼ਾਮੋਂ ਨੇ ਬੜੀਆਂ ਮਿੰਨਤਾਂ ਤਰਲੇ ਕੀਤੇ, ਪਰ ਉਸ ਜ਼ਾਲਮ ਨੇ ਤਰਸ ਨਾ ਕੀਤਾ ਅਤੇ ਉਸ ਮਾਸੂਮ ਘੁੱਗੀ ਦੇ ਪਰ੍ਹਾਂ ਨੂੰ ਨੋਚ ਸੁੱਟਿਆ। ਇਸ ਖਿੱਚਾ ਧੂਹੀ ਵਿਚ ਸ਼ਾਮੋਂ ਦੀ ਪੁਰਾਣੀ ਹੋ, ਘਸ ਚੁੱਕੀ ਚੁੰਨੀ ਕਾਤਰਾਂ ਵਿਚ ਤਬਦੀਲ ਹੋ ਗਈ।

oooo

## ਦੋਸ਼ੀ ਕੌਣ

ਉਹ ਬਾਰ ਬਾਰ ਉੱਚੀ ਆਵਾਜ਼ ਵਿਚ ਕਹਿ ਰਿਹਾ ਸੀ ਕਿ, "ਨਹੀਂ ਮੈਂ ਦੋਸ਼ੀ ਨਹੀਂ ਹਾਂ, ਮੈਂ ਉਸ ਨੂੰ ਨਹੀਂ ਜਾਣਦਾ ਕਿ ਉਹ ਕੌਣ ਹੈ।"

"ਇਨੇ ਇੱਦਾਂ ਨਹੀਂ ਬਕਣਾ, ਇਸ ਨੂੰ ਲੈ ਜਾਓ, ਸਾਊਂਡ ਪਰੂਫ ਕਮਰੇ 'ਚ, ਇਹਦੇ ਤਿੰਨ ਨੰਬਰ ਲਾਉ, ਫੇਰ ਦੱਸੂ ਕਿ ਉਹ ਇਹਦੇ ਮਾਮੇ ਦਾ ਪੁੱਤ ਆ।" ਠਾਣੇਦਾਰ ਗੁੱਸੇ ਵਿਚ ਅੱਖਾਂ ਲਾਲ ਕਰਕੇ ਦੰਦ ਪੀਹਦਾ ਬੋਲਿਆ।

ਪਰ ਜਦੋਂ ਉਸ ਨੂੰ ਤਸੀਹਾ ਕਮਰੇ 'ਚੋਂ ਬਾਹਰ ਲਿਆਂਦਾ ਗਿਆ ਤਾਂ ਉਸ ਨੂੰ ਆਪਣੀ ਕੋਈ ਸੁੱਧ ਨਹੀਂ ਸੀ ਪਰ ਉਸ ਦਾ ਇਕਬਾਲੇ ਬਿਆਨ ਟੇਪ ਕੈਸਟ ਵਿਚ ਰਿਕਾਰਡ ਸੀ।

0000

## ਮਰਨ-ਵਰਤ

ਸ਼ੀਲਾ ਦਾ ਵਿਆਹ ਹੋਇਆ ਅਜੇ ਇਕ ਹਫ਼ਤਾ ਹੀ ਹੋਇਆ ਸੀ ਕਿ ਕਰਵਾਚੌਥ ਦਾ ਵਰਤ ਆ ਗਿਆ। ਸ਼ੀਲਾ ਪੜ੍ਹੀ ਲਿਖੀ, ਸਮਝਦਾਰ ਅਤੇ ਸੁਸ਼ੀਲ ਕੁੜੀ ਸੀ। ਉਹ ਪੁਰਾਣੇ ਖ਼ਿਆਲਾਂ ਨੂੰ ਨਹੀਂ ਮੰਨਦੀ ਸੀ ਅਤੇ ਨਾ ਹੀ ਉਸ ਨੇ ਕਦੇ ਕਰਵਾਚੌਥ ਦਾ ਵਰਤ ਰੱਖਿਆ ਸੀ।

ਉਸ ਦੀ ਸੱਸ ਨੇ ਉਸ ਨੂੰ ਦੋ ਤਿੰਨ ਦਿਨ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਵਰਤ ਰੱਖਣਾ ਹੈ, ਕਿਉਂ ਕਿ ਇਹ ਵਰਤ ਸੁਹਾਗਣਾ ਦਾ ਹੈ ਅਤੇ ਪਤੀ ਦੀ ਲੰਬੀ ਉਮਰ ਲਈ ਰੱਖਿਆ ਜਾਂਦਾ ਹੈ।

ਸ਼ੀਲਾ ਨੇ ਬਥੇਰਾ ਕਿਹਾ ਕਿ ਇਹ ਸਭ ਪੁਰਾਣੇ ਖਿਆਲ ਹਨ, ਵਹਿਮ ਹਨ, ਅੰਧਵਿਸ਼ਵਾਸ਼ ਹਨ। ਮੈਂ ਇਹ ਵਰਤ ਨਾ ਤਾਂ ਕਦੇ ਰੱਖਿਆ ਹੈ ਅਤੇ ਨਾ ਹੀ ਮੈਥੋਂ ਭੁਖਿਆ ਰਿਹਾ ਜਾਣਾ ਹੈ, ਪਰ ਸੱਸ ਨਾ ਮੰਨੀ, ਸੱਸ ਦੀ ਖੁਸ਼ੀ ਲਈ ਸ਼ੀਲਾ ਨੂੰ ਵਰਤ ਰੱਖਣਾ ਹੀ ਪਿਆ।

ਉਸ ਨੇ ਵਰਤ ਰੱਖ ਤਾਂ ਲਿਆ ਪਰ ਦੁਪਹਿਰ ਤੋਂ ਬਾਅਦ ਉਸ ਦੇ ਪੇਟ ਵਿਚ ਦਰਦ ਹੋਣਾ ਸ਼ੁਰੂ ਹੋ ਗਿਆ, ਉਸ ਨੂੰ ਦਵਾਈ ਵੀ ਕੋਈ ਨਾ ਦਿੱਤੀ ਗਈ, ਕਿਉਂ ਕਿ ਉਸਦਾ ਵਰਤ ਸੀ। ਫਿਰ ਔਖੀ ਸੁਖਾਲੀ ਹੁੰਦੀ ਨੂੰ ਸ਼ਾਮ ਪੈ ਗਈ, ਪਰ ਉਸਦੀ ਹਾਲਤ ਲਗਾਤਾਰ ਖ਼ਰਾਬ ਹੁੰਦੀ ਰਹੀ। ਇਸ ਤੋਂ ਪਹਿਲਾਂ ਕਿ ਸ਼ੀਲਾ ਚੰਦ ਨੂੰ ਅਰਘ ਦੇ ਕੇ ਰੋਟੀ ਦੀ ਬੁਰਕੀ ਆਪਣੇ ਮੂੰਹ ਵਿਚ ਪਾਉਂਦੀ, ਉਹ ਡਿਗ ਕੇ ਬੇਹੋਸ਼ ਹੋ ਗਈ ਅਤੇ ਕੁਝ ਸਮੇਂ ਵਿਚ ਹੀ ਪ੍ਰਾਣ ਤਿਆਗ ਗਈ।

ਸੱਸ ਦਾ ਮੂੰਹ ਅੱਡਿਆ ਹੀ ਰਹਿ ਗਿਆ, ਕਿਉਂ ਕਿ ਉਹ ਹੁਣ ਆਪਣੀ ਸੋਨੇ ਵਰਗੀ ਬਹੂ ਤੋਂ ਸੱਖਣੀ ਹੋ ਗਈ ਸੀ।

0000

## ਮੈਂ ਹਾਰ ਗਿਆ

ਉਹ ਇਕ ਚੰਗਾ ਸਾਹਿਤਕਾਰ ਸੀ, ਅਕਸਰ ਉਸ ਦੀਆਂ ਰਚਨਾਵਾਂ, ਮੈਗਜ਼ੀਨਾਂ ਵਿਚ ਛਪਦੀਆਂ ਰਹਿੰਦੀਆਂ ਸਨ। ਉਹ ਮੇਰਾ ਚੰਗਾ ਦੋਸਤ ਵੀ ਸੀ ਤੇ ਸਾਹਿਤਕਾਰ ਹੋਣ ਕਰਕੇ ਗੂੜਾ ਜਾਣੂ ਵੀ। ਸਿਰ ਤੇ ਪੋਚਵੀਂ ਪੱਗ ਅਤੇ ਭਰਵੀਂ ਦਾੜ੍ਹੀ ਕਰਕੇ ਉਸ ਦੀ ਦਿੱਖ ਵੀ ਮੈਨੂੰ ਪ੍ਰਭਾਵਿਤ ਕਰਦੀ ਸੀ। ਉਸ ਵਿਚ ਹੋਰ ਵੀ ਅਨੇਕਾਂ ਗੁਣ ਸਨ।

ਪਰ ਕਦੇ ਕਦੇ ਉਹ ਦਾਰੂ ਬਹੁਤ ਪੀਂਦਾ ਸੀ, ਜਦੋਂ ਦਾਰੂ ਪੀਂਦਾ ਤਾਂ ਉਸ ਨੂੰ ਆਪਣੀ ਕੋਈ ਹੋਸ਼ ਨਾ ਰਹਿੰਦੀ। ਮੈਂ ਉਸ ਨੂੰ ਬਹੁਤ ਵਾਰ ਸਮਝਾਇਆ ਕਿ ਦਾਰੂ ਛੱਡ ਦੇ, ਇਹ ਨੁਕਸਾਨ ਹੀ ਕਰਦੀ ਹੈ, ਫਾਇਦਾ ਕੋਈ ਨਹੀਂ।

ਅੱਜ ਉਹ ਸਵੇਰੇ ਸਵੇਰੇ ਮੈਨੂੰ ਮਿਲਿਆ, ਉਹ ਖੁਸ਼ ਨਜ਼ਰ ਆ ਰਿਹਾ ਸੀ। ਬੜੇ ਹੀ ਪਿਆਰ ਨਾਲ ਮਿਲਿਆ ਤੇ ਕਹਿਣ ਲੱਗ,“ ਭਾਅ ਜੀ, ਮੈਂ ਅੱਜ ਤੋਂ ਬਾਅਦ ਕਦੇ ਵੀ ਦਾਰੂ ਨਹੀਂ ਪੀਵਾਂਗਾ, ਮੈਨੂੰ ਤੁਸੀਂ ਉਹ ਕਿਤਾਬ “ਹੰਸਾਂ ਹੀਰਾ ਮੋਤੀ ਚੁਗਣਾ” ਦਿਉ, ਜਿਸ ਨੂੰ ਪੜ੍ਹ ਕੇ ਸਾਰੇ ਸ਼ਰਾਬ ਛੱਡ ਜਾਂਦੇ ਹਨ।

ਮੈਂ ਬੜਾ ਖੁਸ਼ ਹੋਇਆ, ਸੋਚਿਆ ਕਿ ਮੇਰੇ ਕਹੇ ਦਾ ਕਿਸੇ ਤੇ ਤਾਂ ਅਸਰ ਹਇਆ, ਮੈਂ ਉਸ ਨੂੰ ਕਿਤਾਬ ਦੇ ਦਿੱਤੀ। ਉਹ ਮੇਰੇ ਕੋਲੋਂ ਚਲਾ ਗਿਆ। ਮੈਂ ਆਪਣੇ ਕੰਮ ਵਿਚ ਰੁੱਝ ਗਿਆ। ਦੋ ਕੁ ਘੰਟੇ ਬਾਅਦ ਮੈਂ ਚਾਹ ਲਿਆਉਣ ਲਈ ਚਾਹ ਦੀ ਦੁਕਾਨ ਵੱਲ ਗਿਆ। ਦੁਕਾਨ ਦੇ ਨੇੜੇ ਹੀ ਕੋਈ ਡਿੱਗਿਆ ਪਿਆ ਸੀ, ਕੋਲ ਹੀ ਸਾਈਕਲ ਪਿਆ ਸੀ....ਤੇ ਥੋੜੀ ਦੂਰ ਡਿੱਗ ਕੇ ਢੱਠੀ ਹੋਈ ਪੱਗ ਤੇ ਉਸ ਤੋਂ ਥੋੜੀ ਦੂਰ ਕਿਤਾਬ ਪਈ ਸੀ।

ਕਿਤਾਬ ਤਾਂ ਉਹੀ ਸੀ, ਜਿਹੜੀ ਮੈਂ ਉਸ ਨੂੰ ਦਿੱਤੀ ਸੀ ਤੇ ਉਹ ਬੇਸੁਧ ਪਿਆ ਸੀ, ਦਾਰੂ ਨਾਲ ਰੱਜਾ ਹੋਇਆ। ਮੈਂ ਉਸ ਨੂੰ ਬੜੀ ਮੁਸ਼ਕਿਲ ਨਾਲ ਘਰ ਪਹੁੰਚਾਇਆ। ਆਪਣੀ ਕਿਤਾਬ ਵਾਪਸ ਆਪਣੇ ਹੱਥ ਵਿਚ ਫੜੀ ਮੈਂ ਪਰਤ ਆਇਆ। ਮੈਨੂੰ ਜਾਪਿਆ, ਜਿਵੇਂ ਮੈਂ ਹਾਰ ਗਿਆ ਹੋਵਾਂ।

oooo

## ਸਿਰੜੀ ਸਿਦਕ

ਤਕਰੀਬਨ ਪੰਦਰਾਂ ਕੁ ਦਿਨਾਂ ਤੋਂ ਇਕ ਨਵੀਂ ਆਵਾਜ਼ ਕੰਨੀ ਪੈਂਦੀ ਸੀ, "ਭੱਲੇ ਲਓ ਜੀ.....ਭੱਲੇ ਕਰਾਰੇ।"

ਕਦੇ ਉਸ ਆਵਾਜ਼ ਵੱਲ ਬਹੁਤਾ ਧਿਆਨ ਨਹੀਂ ਦਿੱਤਾ, ਪੇਟ ਦੀ ਖ਼ਾਤਿਰ ਕੋਈ ਨਾ ਕੋਈ ਕੰਮ ਤਾਂ ਕਰਨਾ ਹੀ ਪੈਣਾ ਹੈ, ਕੋਈ ਹੋਵੇਗਾ ਪੇਟ ਦੀ ਖ਼ਾਤਿਰ ਗਲੀਆਂ ਦੀ ਖ਼ਾਕ ਛਾਣਦਾ। ਇਕ ਦਿਨ ਬੰਟੀ ਨੇ ਦੱਸਿਆ, "ਚਾਚਾ ਚਾਚਾ ਅੱਜ ਬੜੇ ਸੁਆਦ ਭੱਲੇ ਖਾਧੇ।"

"ਅੱਛਾ" ਮੈਂ ਉਸ ਦੀ ਗੱਲ ਨੂੰ ਅਣਗੌਲਿਆਂ ਕਰ ਦਿੱਤਾ।

ਦੂਸਰੇ ਦਿਨ ਮੈਂ ਦੁਪਹਿਰੇ ਹੀ ਘਰ ਨੂੰ ਚਲਾ ਗਿਆ, ਦੁਕਾਨ ਤੇ ਕੰਮ ਵਿਚ ਮਨ ਨਹੀਂ ਸੀ ਲੱਗ ਰਿਹਾ, ਮੈਂ ਘਰ ਜਾ ਕੇ ਲੰਮਾ ਪੈ ਗਿਆ। ਲੌਡੇ ਕੁ ਵੇਲੇ ਉਹ ਜਾਣੀ ਪਛਾਣੀ ਆਵਾਜ਼ ਕੰਨਾਂ ਵਿਚ ਪਈ, "ਭੱਲੇ ਲਓ ਜੀ....ਭੱਲੇ ਕਰਾਰੇ।"

ਬੰਟੀ ਆ ਕੇ ਕਹਿਣ ਲੱਗਾ, "ਚਾਚਾ ਚਾਚਾ ਭੱਲੇ ਲੈ ਕੇ ਦੇਹ।" ਮੈਂ ਉਠਿਆ ਤੇ ਦੇਖਿਆਂ ਮਸੀਂ ਤੇਰ੍ਹਾਂ ਕੁ ਵਰ੍ਹਿਆਂ ਦਾ, ਦਰਮਿਆਨੀ ਜਿਹੀ ਸਿਹਤ, ਸਾਂਵਲੇ ਜਿਹੇ ਰੰਗ ਦਾ ਛੋਕਰਾ ਜਿਹਾ, ਸਾਇਕਲ ਪਿਛੇ ਛੋਟੀ ਜਿਹੀ ਪੇਟੀ ਬੰਨ੍ਹੀ, ਜਿਸ ਵਿਚ ਭੱਲੇ, ਪਲੇਟਾਂ ਤੇ ਹੋਰ ਨਿੱਕ ਸੁੱਕ ਰੱਖਿਆ ਹੋਇਆ ਸੀ, ਅਫਸੋਸਿਆ ਜਿਹਾ ਚਿਹਰਾ ਲਈ ਭੱਲੇ ਵੇਚ ਰਿਹਾ ਸੀ। ਇੰਨੀ ਛੋਟੀ ਉਮਰ ਤੇ ਇਹ ਫੇਰੀ ਲਾਉਣ ਦਾ ਮੁਸ਼ਕਿਲ ਕੰਮ, ਕਈ ਸਾਰੀਆਂ ਸੋਚਾਂ ਇਕੋ ਵਾਰੀ ਮੇਰੇ ਦਿਮਾਗ਼ 'ਚੋਂ ਲੰਘ ਗਈਆਂ, ਉਸ ਨਾਲ ਗੱਲਾਂ ਕਰਨ ਨੂੰ ਮਨ ਕੀਤਾ।

"ਬੱਲਿਆ ਬੜਾ ਮਿਹਨਤੀ ਲੱਗਦੈਂ, ਕੀ ਨਾਂ ਹੈ ਤੇਰਾ?" ਮੈਂ ਉਸ ਨੂੰ ਪੁੱਛਿਆ।

"ਜੀ, ਮੇਰਾ ਨਾਂ....ਕੁਲਵਰਨ।" ਉਹ ਸੰਖੇਪ ਜਿਹਾ ਉਤਰ ਦੇ ਕੇ ਚੁੱਪ ਹੋ ਗਿਆ।

ਕੁਝ ਆਪਣੇ ਬਾਰੇ ਦੱਸ, ਤੇਰੇ ਡੈਡੀ ਕੀ ਕੰਮ ਕਰਦੇ ਨੇ, ਤੇਰੇ ਬਾਰੇ ਬਹੁਤ ਕੁਝ ਜਾਨਣ ਨੂੰ ਦਿਲ ਕਰਦੈ।

"ਸਰਦਾਰ ਜੀ, ਕੀ ਦੱਸਾਂ, ਜਿੱਥੇ ਉਹ ਪ੍ਰਮਾਤਮਾ ਰੱਖੇ, ਉੱਥੇ ਰਹਿਣਾ ਪੈਂਦਾ ਹੈ। ਮੇਰੇ ਪਿਤਾ ਜੀ ਇਹ ਫੇਰੀ ਦਾ ਕੰਮ ਕਰਦੇ ਸਨ, ਮਹੀਨਾ ਕੁ ਹੋਇਆ ਅਚਾਨਕ ਹੀ ਉਨ੍ਹਾਂ ਦੀ ਮੌਤ ਹੋ ਗਈ, ਕਈ ਦਿਨ ਤਾਂ ਸੋਗ ਵਿਚ ਹੀ ਲੰਘ ਗਏ, ਘਰ ਵਿਚ ਗਰੀਬੀ ਹੈ, ਗੁਜਾਰੇ ਲਈ ਕੁਝ ਤਾਂ ਕਰਨਾ ਹੀ ਪੈਣਾ ਹੈ, ਤਾਂ ਹੀ ਮੈਨੂੰ ਇਹ ਫੇਰੀ.....।" ਗੱਲ ਅਧੂਰੀ ਹੀ ਰਹਿ ਗਈ, ਸ਼ਾਇਦ ਦੱਸਣਾਂ ਤਾਂ ਉਹ ਹੋਰ ਵੀ ਬੜਾ ਕੁਝ ਚਾਹੁੰਦਾ ਸੀ ਪਰ ਉਸ ਦੀਆਂ ਅੱਖਾਂ ਵਿਚ ਹੰਝੂ ਚਮਕ ਪਏ।

੦੦੦੦

## ਮਜ਼ਬੂਰੀ

ਮੈਂ ਸ਼ਹਿਰ ਨੌਕਰੀ ਦੀ ਭਾਲ ਵਿਚ ਗਿਆ ਹੋਇਆ ਸੀ। ਦੋ ਸਾਲ ਹੋ ਗਏ, ਪਰ ਅਜੇ ਤੱਕ ਮੈਨੂੰ ਕੋਈ ਨੌਕਰੀ ਨਹੀਂ ਮਿਲੀ। ਸੁਖਵੰਤ ਵੀ ਮੈਨੂੰ ਉਥੇ ਹੀ ਮਿਲ ਗਿਆ। ਮੈਂ ਉਸਦੀ ਹਾਲਤ ਦੇਖ ਕੇ ਅੰਦਾਜ਼ਾ ਲਾ ਲਿਆ ਕਿ ਇਹ ਵੀ ਮੇਰੇ ਵਾਂਗ ਬੇਰੁਜ਼ਗਾਰ ਹੀ ਫਿਰਦਾ ਹੈ। ਮੈਲੇ ਕੁਚੈਲੇ ਕੱਪੜੇ ਅਤੇ ਅਫਸੋਸਿਆ ਹੋਇਆ ਚਿਹਰਾ। ਅਸੀਂ ਸਰਸਰੀ ਜਿਹੀ ਗੱਲਬਾਤ ਕੀਤੀ, ਹਾਲ ਚਾਲ ਪੁੱਛਿਆ, "ਯਾਰ ਸੁਣਾ ਅੱਜ ਕੱਲ ਕਿਆ ਕੰਮ ਕਰਦਾ ਹੁੰਦਾਂ।"

"ਕੁਝ ਨਹੀਂ ਵਿਹਲਾ ਬੇਰੁਜ਼ਗਾਰ। ਕਈ ਵਾਰ ਨੌਕਰੀ ਲਈ ਕੋਸ਼ਿਸ਼ ਕੀਤੀ, ਪਰ ਕਿਤੇ ਛੋਟੀ ਮੋਟੀ ਨੌਕਰੀ ਵੀ ਨਹੀਂ ਮਿਲੀ। ਸ਼ਾਇਦ ਕਿਸਮਤ ਵਿਚ ਨੌਕਰੀ ਹੈ ਹੀ ਨਹੀਂ।" ਉਹ ਹਾਉਕਾ ਜਿਹਾ ਲੈ ਕੇ ਬੋਲਿਆ।

"ਨੌਕਰੀ ਤਾਂ ਮਿਲਦੀ ਨਹੀਂ, ਕੰਮ ਧੰਦਾ ਵੀ ਕੀ ਕਰੀਏ। ਚਾਰ ਪੈਸੇ ਹੋਣ ਤਾਂ ਕੋਈ ਆਪਣਾ ਬਿਜਨਸ ਹੀ ਕਰ ਲਈਏ। ਤਿੰਨ ਵਾਰ ਨੌਕਰੀ ਲਈ ਅਪਲਾਈ ਕੀਤਾ, ਇੰਟਰਵਿਊ ਵਿਚ ਪਾਸ ਹੋਣ ਦੇ ਬਾਵਜੂਦ ਵੀ ਰਿਸ਼ਵਤ ਲਏ ਤੋਂ ਬਿਨ੍ਹਾਂ ਨੌਕਰੀ ਨਹੀਂ ਦਿੰਦੇ। ਕਹਿੰਦੇ ਹਨ ਕਿ ਪੰਜ ਸੌ ਰੁਪਏ ਤਨਖਾਹ ਵਾਲੀ ਨੌਕਰੀ ਲਏਂ ਪੰਜ ਹਜ਼ਾਰ ਤਾਂ ਦੇਣਾ ਹੀ ਪਵੇਗਾ।" ਮੈਂ ਆਪਣਾ ਦੁੱਖ ਫੋਰੋਲਿਆ।

ਫਿਰ ਉਹ ਆਪਣੇ ਪਿੰਡ ਵੱਲ ਨੂੰ ਤੇ ਮੈਂ ਆਪਣੇ ਪਿੰਡ ਵੱਲ ਨੂੰ ਤੁਰ ਪਏ, ਕਿਉਂ ਕਿ ਪੈਸਾ ਸਾਡੀ ਹੀ ਨਹੀਂ, ਸਾਡੇ ਵਰਗੇ ਅਨੇਕਾਂ ਦੀ ਮਜ਼ਬੂਰੀ ਹੈ।

0000

## ਸ਼ਿਕਾਰ

ਰੜੇ ਮੈਦਾਨ ਠੰਡਾ ਦਾ ਮਾਰਿਆ ਸ਼ਿਕਾਰ ਪਿਆ ਸੀ। ਉਸ ਬਾਰੇ ਕਿਸੇ ਨੇ ਇਕ ਸ਼ਿਕਾਰੀ ਨੂੰ ਖ਼ਬਰ ਕੀਤੀ। ਉਹ ਸ਼ਿਕਾਰੀ ਜਲਦੀ ਨਾਲ ਸ਼ਿਕਾਰ ਕੋਲ ਪਹੁੰਚਿਆ ਅਤੇ ਉਸ ਉਤੇ ਆਪਣਾ ਕਬਜ਼ਾ ਕਰਕੇ ਬੈਠ ਗਿਆ।

ਉੱਧਰ ਦੂਸਰੇ ਸ਼ਿਕਾਰੀ ਨੂੰ ਵੀ ਕਿਸੇ ਨੇ ਦੱਸ ਦਿੱਤਾ ਕਿ ਮੈਦਾਨ ਵਿਚ ਸ਼ਿਕਾਰ ਪਿਆ ਹੈ, ਉਹ ਵੀ ਆਪਣਾ ਲੋੜੀਂਦਾ ਸਮਾਨ ਲੈ ਕੇ ਮੈਦਾਨ ਵੱਲ ਤੁਰ ਪਿਆ। ਜਦੋਂ ਉਸ ਨੇ ਦੇਖਿਆ ਕਿ ਕੋਈ ਹੋਰ ਸ਼ਿਕਾਰੀ ਸ਼ਿਕਾਰ ਤੇ ਕਬਜ਼ਾ ਕਰੀ ਬੈਠਾ ਹੈ, ਤਾਂ ਉਹ ਦੌੜਦਾ ਹੋਇਆ ਸ਼ਿਕਾਰ ਕੋਲ ਪਹੁੰਚ ਗਿਆ, "ਇਹ ਮੇਰਾ ਸ਼ਿਕਾਰ ਹੈ" ਉਸ ਨੇ ਪਹਿਲੇ ਨੂੰ ਕਿਹਾ।

"ਨਹੀਂ ਇਹ ਤੇਰਾ ਨਹੀਂ, ਮੇਰਾ ਸ਼ਿਕਾਰ ਹੈ।" ਪਹਿਲਾ ਗੁੱਸੇ ਨਾਲ ਬੋਲਿਆ।

"ਇਸ ਨੂੰ ਮੈਂ ਮਾਰ ਕੇ ਗਿਆ ਹਾਂ।" ਦੂਸਰਾ ਫਿਰ ਬੋਲਿਆ।

"ਨਹੀਂ ਇਸ ਨੂੰ ਮੈਂ ਮਾਰਿਆ ਹੈ।" ਦੋਵੇਂ ਇਕ ਦੂਸਰੇ ਨੂੰ ਘੂਰਦੇ ਹੋਏ ਬਹਿਸਣ ਲੱਗੇ। ਅਚਾਨਕ ਹੀ ਫਿਰ ਦੋਵਾਂ ਨੇ ਇੱਕ ਦੂਸਰੇ ਦੇ ਕੰਨ ਵਿਚ ਕੋਈ ਗੱਲ ਕੀਤੀ, ਸ਼ਿਕਾਰ ਦੋ ਭਾਗਾਂ ਵਿਚ ਵੰਡਿਆ ਗਿਆ।

oooo

## ਇੱਕ ਸਵਾਲ?

"ਸਰਦਾਰ ਜੀ, ਕੋਈ ਟਿਕਟ....। ਇਨਾਮ ਦਸ ਲੱਖ, ਵੀਹ ਲੱਖ ਅਤੇ ਇਕ ਕਰੋੜ ਦੇ ਨਾਲ ਮਾਰੂਤੀ ਵੈਨ।" ਲਾਟਰੀ ਵਾਲਾ, ਜਿਸ ਦੀ ਇਕ ਬਾਂਹ ਕਿਸੇ ਕਾਰਨ ਵੱਢੀ ਹੋਈ ਸੀ, ਸਾਡੀ ਦੁਕਾਨ ਵਿਚ ਆ ਕੇ ਬੋਲਿਆ।

"ਨਹੀਂ ਯਾਰ, ਅਸੀਂ ਨਹੀਂ ਪਾਉਣੀ। ਬਹੁਤ ਵਾਰ ਟਿਕਟਾਂ ਪਾਈਆਂ, ਪਰ ਸਾਡਾ ਕਦੇ ਕੋਈ ਇਨਾਮ ਨਹੀਂ ਨਿਕਲਿਆ।" ਮੈਂ ਕਿਹਾ।

"ਸਰਦਾਰ ਜੀ, ਤੁਸੀਂ ਕਦੇ ਮੇਰੇ ਕੋਲੋਂ ਤਾਂ ਟਿਕਟ ਨਹੀਂ ਲਈ, ਅੱਜ ਤਾਂ ਮੈਂ ਤੁਹਾਨੂੰ ਜ਼ਰੂਰ ਟਿਕਟ ਦੇ ਕੇ ਜਾਣਾ ਹੈ।" ਲਾਟਰੀ ਵਾਲੇ ਨੇ ਫਿਰ ਕਿਹਾ।

ਇੰਨੇ ਨੂੰ ਇੱਕ ਹੱਟਾ ਕੱਟਾ ਮੰਗਤਾ, ਫਟੇ ਪੁਰਾਣੇ ਕੱਪੜੇ ਪਾਈ, ਦੁਕਾਨ ਦੇ ਬਾਹਰ ਹੱਥ ਫੈਲਾ ਕੇ ਖੜਾ ਹੋ ਗਿਆ।

ਬਾਬਾ ਮਾਫ਼ ਕਰੋ ਟੁੱਟੇ ਪੈਸੇ ਨਹੀਂ ਹਨ।" ਮੈਂ ਕਿਹਾ ਤਾਂ ਉਸ ਨੇ ਮੈਨੂੰ ਇਸ ਤਰ੍ਹਾਂ ਦੇਖਿਆ ਜਿਵੇਂ ਮੈਨੂੰ ਖਾ ਹੀ ਜਾਣਾ ਹੋਵੇ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਬੋਲਦਾ, ਉਹ ਚਲਾ ਗਿਆ।

"ਸਰਦਾਰ ਜੀ ਇਕ ਟਿਕਟ ਤਾਂ ਲੈ ਲਉ, ਅਸੀਂ ਵੀ ਤਾਂ ਤੁਹਾਡੇ ਸਿਰੋਂ ਹੀ ਰੋਟੀ ਖਾਣੀ ਹੈ।" ਲਾਟਰੀ ਵਾਲੇ ਨੇ ਫਿਰ ਤਰਲੇ ਜਿਹੇ ਨਾਲ ਕਿਹਾ।

ਮੈਂ ਨਾ ਚਾਹੁੰਦਿਆਂ ਹੋਇਆਂ ਵੀ ਉਸ ਤੋਂ ਇਕ ਟਿਕਟ ਲੈ ਲਿਆ, ਮੈਂ ਸੋਚ ਰਿਹਾਂ ਸੀ ਕਿ ਇਕ ਅਪਾਹਜ ਹੋ ਕੇ ਵੀ ਮਿਹਨਤ ਕਰ ਰਿਹਾ ਹੈ, ਘੁੰਮ ਕੇ ਲਾਟਰੀ ਦੇ ਟਿਕਟ ਵੇਚਦਾ ਹੈ, ਤੇ ਉਹ ਮੰਗਤਾ.......।

੦੦੦੦

## ਹਮਦਰਦੀ

ਚੀਂ, ਚੀਂ, ਚੂੰ ਚੂੰ ਕਰਦੇ, ਪੈਰਾਂ ਵਿਚ ਪੈਰ ਅਤੇ ਚੁੰਝਾਂ ਵਿਚ ਚੁੰਝ ਫਸਾਈ ਆਪਸ ਵਿਚ ਲੜਦੇ ਦੋ ਚਿੜੇ ਜ਼ਮੀਨ ਤੇ ਆਣ ਡਿੱਗੇ, ਵੱਖਰੇ ਵੱਖਰੇ ਹੋਏ ਤੇ ਫਿਰ ਲੜਨ ਲੱਗੇ। ਇਸ ਤਰ੍ਹਾਂ ਕਈ ਵਾਰ ਹੋਇਆ, ਉਹ ਲੜਾਈ ਨਿਰੰਤਰ ਚੱਲਦੀ ਰਹੀ।

"ਤੁਸੀਂ ਆਪਸ ਵਿਚ ਕਿਉਂ ਲੜ ਰਹੇ ਹੋ?" ਮੈਂ ਸਵਾਲ ਕੀਤਾ।

"ਤੂੰ ਸਾਨੂੰ ਪੁੱਛਣ ਵਾਲਾ ਕੌਣ ਏਂ?" ਲੜਾਈ ਬੰਦ ਕਰਦਿਆਂ ਉਹਨਾਂ ਵਿਚੋਂ ਇਕ ਬੋਲਿਆ।

"ਮੈਂ ਤੁਹਾਡਾ ਹਮਦਰਦ ਹਾਂ, ਮੈਂ ਤੁਹਾਡਾ ਫੈਸਲਾ ਕਰਾ ਸਕਦਾ ਹਾਂ, ਤੁਸੀਂ ਕਿਹੜਾ ਜ਼ਮੀਨ ਵੰਡਣੀ ਹੈ, ਤੁਹਾਡੀ ਲੜਾਈ ਪਿਛੇ ਕੀ ਕਾਰਨ ਹੈ?" ਮੈਂ ਫਿਰ ਕਿਹਾ।

"ਹੂੰਅ...ਅ...ਤੂੰ ਸਾਡਾ ਹਮਦਰਦ ਨਹੀਂ ਹੋ ਸਕਦਾ, ਆਦਮੀ ਕਦੇ ਹਮਦਰਦ ਨਹੀਂ ਹੋ ਸਕਦਾ। ਕਦੇ ਆਪਣੇ ਵੱਲ ਵੇਖਿਆ, ਆਪਣੇ ਹਮਜਿਨਸਾਂ ਵੱਲ ਵੇਖਿਆ, ਜੋ ਬਿਨਾਂ ਕਾਰਨ ਨਿਰਦੋਸ਼ਾਂ ਦਾ ਲਹੂ ਵਹਾ ਰਹੇ ਨੇ, ਬੇਕਸੂਰਿਆਂ ਨੂੰ ਖ਼ਤਮ ਕਰ ਰਹੇ ਹਨ, ਉਸ ਵੇਲੇ ਤੇਰੀ ਹਮਦਰਦੀ ਕਿਥੇ ਚਲੀ ਜਾਂਦੀ ਹੈ।" ਇੰਨਾ ਕਹਿ ਕੇ ਉਹ ਦੋਵੇਂ ਉਡ ਗਏ।

ਮੈਨੂੰ ਇਸ ਤਰ੍ਹਾਂ ਜਾਪਿਆਂ ਜਿਵੇਂ ਮੇਰੇ ਮੂੰਹ ਨੂੰ ਜ਼ਿੰਦਰਾਂ ਲਾ ਕੇ ਚਾਬੀ ਉਹ ਆਪਣੇ ਨਾਲ ਹੀ ਲੈ ਗਏ ਹੋਣ।

oooo

## ਮੁਜਰਿਮ

ਇਕ ਲੇਖਕ ਨੂੰ ਉਸ ਦਾ ਦੋਸਤ ਕਾਫ਼ੀ ਸਮੇਂ ਬਾਅਦ ਮਿਲਿਆ, ਜੋ ਹੁਣ ਪੁਲਿਸ ਵਿਚ ਭਰਤੀ ਹੋ ਗਿਆ ਸੀ। ਰਸਮੀਂ ਗੱਲਬਾਤ ਪਿੱਛੋਂ ਲੇਖਕ ਨੇ ਪੁੱਛਿਆ, "ਸੁਣਾ ਫਿਰ.....ਕਿਵੇਂ ਚੱਲ ਰਿਹਾ......ਤੇਰੇ ਮਹਿਕਮੇ ਵਿਚ......ਹੁਣ ਤਾਂ ਪੰਜੇ ਘਿਉ ਵਿਚ ਹੋਣਗੀਆਂ।"

"ਕੀ ਦੱਸਾਂ ਯਾਰ, ਮੇਰੀ ਤਾਂ ਕਿਸਮਤ ਹੀ ਮਾੜੀ ਆ....ਨੌਂ ਸਾਲ ਹੋ ਗਏ ਭਰਤੀ ਹੋਇਆਂ......ਅਜੇ ਤੱਕ ਸਿਪਾਹੀ ਹੀ ਹਾਂ।"

"ਕਿਉਂ ਤਰੱਕੀ ਨੀ ਹੋਈ, ਕੋਈ ਤਰੱਕੀ ਲਈ ਕੰਮ ਕਰਨਾ ਸੀ। " ਲੇਖਕ ਨੇ ਕਿਹਾ।

"ਡਿਊਟੀ ਦਿੰਦੇ ਆ ਪੂਰੀ, ਜਿੱਥੇ ਕਹਿਣ ਚਲੇ ਜਾਈਦਾ।" ਪੁਲਸੀਆ ਬੋਲਿਆ।

"ਇਸ ਤਰ੍ਹਾਂ ਤਾਂ ਨੀ ਹੋਣੀ ਤੇਰੀ ਤਰੱਕੀ, ਭਾਵੇਂ ਸਾਰੀ ਉਮਰ ਹੀ ਲੰਘਾ ਦੇ....।" ਲੇਖਕ ਆਪਣੀ ਗੱਲ ਅਧੂਰੀ ਛੱਡ ਗਿਆ।

"ਫਿਰ ਕਿਵੇਂ ਹੋਣੀ ਆਂ....?" ਪੁਲਸੀਏ ਨੇ ਹੈਰਾਨੀ ਪ੍ਰਗਟਾਈ।

"ਤੂੰ ਵੀ ਕਿਸੇ ਨਿਰਦੋਸ਼ ਨੂੰ ਗੋਲੀ ਮਾਰ ਦੇ ......ਮੁਕਾਬਲਾ ਬਣਾ ਦੇ.....ਫਿਰ ਦੇਖੀਂ ਕਿਵੇਂ ਹੁੰਦੀ ਆ ਤੇਰੀ ਤਰੱਕੀ। ਮੋਢੇ ਤੇ ਫੀਤੀਆਂ, ਸਟਾਰ ਲੱਗ ਜਾਣਗੇ ਤੇਰੇ....।"

ਲੇਖਕ ਦੇ ਮੂੰਹੋਂ ਸਚਾਈ ਭਰੇ ਕੌੜੇ ਲਫਜ਼ ਸੁਣ ਕੇ ਉਹ ਪੁਲਸੀਆ ਲੇਖਕ ਨੂੰ ਇਸ ਤਰ੍ਹਾਂ ਦੇਖਣ ਲੱਗਾ, ਜਿਵੇਂ ਉਹ ਕੋਈ ਮੁਜਰਿਮ ਹੋਵੇ।

oooo

## ਮੋਹ ਦਾ ਰਿਸ਼ਤਾ

ਮੈਂ ਆਪਣੇ ਦੋਸਤ ਡਾਕਟਰ ਦੇ ਕਲੀਨਕ ਵਿਚ ਬੈਠਾ ਸੀ। ਡਾਕਟਰ ਦਾ ਸੁਭਾਅ ਬੜਾ ਹੀ ਵਧੀਆ ਹੈ, ਨਾਲੇ ਤਾਂ ਮਰੀਜ਼ਾਂ ਨੂੰ ਦਵਾ ਦਿੰਦਾ ਰਹੂ, ਨਾਲੇ ਮਿੱਠੀਆਂ ਮਿੱਠੀਆਂ ਹਾਸੋ ਹੀਣੀਆਂ ਗੱਲਾਂ ਕਰੀ ਜਾਊ। ਮਰੀਜ਼ਾਂ ਦਾ ਅੱਧਾ ਦੁੱਖ ਤਾਂ ਉਹ ਗੱਲਾਂ ਨਾਲ ਹੀ ਦੂਰ ਕਰ ਦਿੰਦਾ....ਖ਼ੈਰ.....।

ਇਕ ਸਿਆਣੀ ਬਜ਼ੁਰਗ ਔਰਤ ਕਲੀਨਿਕ ਵਿਚ ਆਈ। ਉਸ ਨਾਲ ਇਕ ਛੋਟੀ ਜਿਹੀ ਬੱਚੀ ਵੀ ਸੀ।

"ਮਾਤਾ ਕੀ ਹੋਇਆ.....? ਡਾਕਟਰ ਨੇ ਪੁੱਛਿਆ।

"ਪੁੱਤ ਮੇਰਾ ਕੰਨ ਦੁੱਖਦਾ, ਨਾਲੇ ਬੁਖਾਰ ਜਿਹਾ ਵੀ ਲੱਗਦੈ।" ਡਾਕਟਰ ਨੇ ਦਵਾ ਪਾ ਕੇ ਕੰਨ ਸਾਫ ਕਰ ਦਿੱਤਾ ਤੇ ਮਾਤਾ ਨੂੰ ਕਿਹਾ, "ਮਾਤਾ ਬੁਖਾਰ ਦਾ ਟੀਕਾ ਲਾਉਣਾ ਪਊ।"

ਡਾਕਟਰ ਨੇ ਟੀਕਾ ਭਰ ਕੇ ਮਾਤਾ ਦੇ ਲਾਇਆ ਤਾਂ ਛੋਟੀ ਬੱਚੀ ਦੀਆਂ ਅੱਖਾਂ 'ਚੋਂ ਦੋ ਮੋਟੇ ਕਿਣੇ ਨਿਕਲ ਕੇ ਉਸ ਦੀਆਂ ਗੱਲ੍ਹਾਂ ਤੇ ਆ ਗਏ ਤੇ ਉਹ ਰੋਣ ਲੱਗ ਪਈ।

"ਦੇਖ ਲੈ ਖ਼ੂਨ ਦੇ ਰਿਸ਼ਤੇ ਕਿਹੋ ਜਿਹੇ ਹੁੰਦੇ ਨੇ, ਭਾਵੇਂ ਬੱਚਾ ਈ ਆ, ਉਹ ਵੀ ਦੁੱਖ ਮਹਿਸੂਸ ਕਰਦੈ.....।"

"ਮਾਤਾ ਕਾਕੀ ਤੇਰੀ ਪੋਤੀ ਆ....? ਮੈਂ ਆਪਣਾ ਅੰਦਾਜ਼ਾ ਲਾ ਮਾਤਾ ਤੋਂ ਪੁੱਛਿਆ।

"ਨਹੀਂ ਪੁੱਤ ਇਹ ਮੇਰੀ ਪੋਤੀ ਤਾਂ ਹੈ ਨਹੀਂ ਵਿਚਾਰੀ ਇਹ ਤਾਂ ਮੈਨੂੰ ਸੜਕ ਕੰਢਿਉਂ ਮਿਲੀ ਸੀ, ਪਰ ਇਹਦਾ ਤੇ ਮੇਰਾ ਰਿਸ਼ਤਾ ਜ਼ਰੂਰ ਹੈਗਾ...ਬੜਾ ਗੂੜ੍ਹਾ.....ਰਿਸ਼ਤਾ...ਖ਼ੂਨ ਦੇ ਰਿਸ਼ਤਿਆਂ ਤੋਂ ਵੀ ਵੱਡਾ.....ਮੋਹ ਦਾ ਰਿਸ਼ਤਾ......।"

ਇੰਨਾ ਕਹਿ ਕੇ ਉਹ ਤੁਰ ਪਈ ਤੇ ਬੱਚੀ ਦੇ ਪਿੱਛੇ ਝੱਗੇ ਦਾ ਪੱਲਾ ਫੜੀ, ਡਾਕਟਰ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਵੇਖਦੀ ਤੁਰੀ ਜਾ ਰਹੀ ਸੀ।

0000

## ਗੂੰਗੇ ਬੋਲ

ਚੰਦੂ ਨੂੰ ਅਖ਼ਬਾਰ ਵੰਡਣ ਦਾ ਕੰਮ ਕਰਦਿਆਂ ਛੇ ਕੁ ਮਹੀਨੇ ਹੋ ਗਏ ਸਨ, ਉਹ ਆਪਣੇ ਸੀਨੇ ਅੰਦਰ ਅਨੇਕਾਂ ਦਰਦ ਛੁਪਾਈ ਬੈਠਾ ਸੀ। ਉਸ ਤੇ ਦੁੱਖ ਵੀ ਤਾਂ ਇਕੱਠੇ ਹੀ ਆਏ ਸਨ.....ਉਸ ਦੇ ਮਾਂ ਪਿਉ ਬੇਕਸੂਰ ਹੁੰਦਿਆਂ ਹੋਇਆਂ ਵੀ ਦਹਿਸ਼ਤ ਪਸੰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ ਸਨ।

ਉਸ ਦੀ ਜ਼ਿੰਦਗੀ ਵੀ ਕੀ ਸੀ ਇਕ ਮੁਸੀਬਤਾਂ ਦਾ ਕਹਿਰ, ਦੂਜਾ ਉਹ ਗੂੰਗਾ ਸੀ। ਹਰ ਵੇਲੇ ਆਪਣੇ ਹੰਝੂਆਂ ਵਿਚ ਡੁੱਬਿਆ ਰਹਿੰਦਾ, ਗੁੰਮ ਸੁੰਮ। ਉਸ ਦੇ ਮਾਤਾ ਪਿਤਾ ਨੇ ਕਿਵੇਂ ਉਸ ਨੂੰ ਪੜ੍ਹਨਾ ਲਿਖਣ ਸਿਖਾਇਆ ਸੀ, ਚੇਤੇ ਕਰ ਉਹ ਜ਼ਾਰੋ ਜ਼ਾਰ ਰੋਣ ਲੱਗ ਪੈਂਦਾ। ਆਪਣੇ ਦੁੱਖ ਵੀ ਕਿਸੇ ਨਾਲ ਕਿਵੇ ਹਲਕੇ ਕਰਦਾ, ਚੁੱਪ ਚੁਪੀਤਾ ਹੀ ਆਪਣੇ ਇਕੱਲੇ ਪਨ ਨਾਲ ਜੂਝਣ ਲਈ ਮਜ਼ਬੂਰ ਸੀ।

ਇਕ ਦਿਨ ਉਸ ਨੂੰ ਇਕ ਗੁੱਡੀ ਵਰਗੀ ਕੁੜ੍ਹੀ ਦਿਖਾਈ ਦਿੱਤੀ, ਜਿਸਦੀ ਸ਼ਕਲ ਹੂਬਹੂ ਉਸ ਦੀ ਨਿੱਕੀ ਭੈਣ ਨਾਲ ਮਿਲਦੀ ਸੀ। ਚੰਦੂ ਨੇ ਉਸ ਨੂੰ ਭੈਣ ਕਹਿਣ ਦੀ ਨਾਕਾਮ ਕੋਸ਼ਿਸ਼ ਕੀਤੀ, ਪਰ ਉਸ ਦੇ ਬੋਲ ਉਸ ਦੇ ਹਲਕ ਵਿਚ ਹੀ ਦਮ ਤੋੜ ਗਏ। ਉਸ ਕੁੜੀ ਨੇ ਘਰ ਜਾ ਕੇ ਪਤਾ ਨਹੀਂ ਕੀ ਦੱਸਿਆ ਕਿ ਦੂਸਰੇ ਦਿਨ ਉਸ ਕੁੜੀ ਦੇ ਭਰਾਵਾਂ ਨੇ ਚੰਦੂ ਦਾ ਰਾਹ ਡੱਕ ਲਿਆ। ਚੰਦੂ ਨੇ ਆਪਣੀ ਜੇਬ ਵਿਚੋਂ ਇਕ ਕਾਗਜ਼ ਕੱਢ ਕੇ ਉਹਨਾਂ ਨੂੰ ਦੇ ਦਿੱਤਾ। ਉਸ ਕਾਗ਼ਜ਼ ਤੇ ਲਿਖਿਆ ਸੀ "ਮੇਰੀ ਪਿਆਰੀ, ਭੈਣਾਂ ਵਰਗੀ ਗੁੱਡੀ, ਮੇਰੀ ਭੈਣ ਦੀ ਸ਼ਕਲ ਬਿਲਕੁੱਲ ਤੇਰੇ ਵਰਗੀ ਸੀ, ਮੈਂ ਗੂੰਗਾ ਹਾਂ.....ਕੀ ਤੂੰ ਮੈਨੂੰ ਆਪਣਾ ਭਰਾ ਮੰਨ ਸਕਦੀ ਹੈ......? ਤੇਰਾ ਵੀਰ ਚੰਦੂ।"

ਉਸ ਕੁੜੀ ਦੇ ਭਰਾ ਆਸਾ ਪਾਸਾ ਤੱਕਣ ਲੱਗੇ, ਚੰਦੂ ਦੀਆਂ ਅੱਖਾਂ ਵਿਚੋਂ ਮੋਟੇ ਮੋਟੇ ਕਿਣੇਂ ਨਿੱਕਲ ਉਸ ਦੀਆਂ ਗੱਲਾਂ ਤੇ ਤੁਰ ਪਏ ਤੇ ਉਸ ਨੂੰ ਜਾਪਿਆ ਕਿ ਉਸ ਦੇ ਗੂੰਗੇ ਬੋਲ ਅੱਜ ਇਕ ਵਾਰ ਫਿਰ ਵਲੂੰਧਰੇ ਗਏ।

੦੦੦੦

## ਵਫ਼ਾਦਾਰ

ਉਹ ਕੁੱਤਾ ਪਾਲਤੂ ਸੀ, ਮਾਲਕ ਦਾ ਵਫ਼ਾਦਾਰ ਕੁੱਤਾ। ਘਰ ਦੀ ਪੂਰੀ ਰਾਖੀ ਕਰਦਾ ਸੀ, ਪਰ ਅੱਜ ਆਪਣੀ ਨਿੱਕੀ ਜਿਹੀ ਗਲਤੀ 'ਤੇ ਵੱਜੀ ਕੁੱਟ ਕਾਰਨ ਉਹ ਘਰੋਂ ਨਿਕਲ ਦੂਰ ਹੱਡਾ ਰੋੜੀ ਵੱਲ ਨਿਕਲ ਗਿਆ। ਉਹ ਹੱਡਾ ਰੋੜੀ ਤੇ ਮਾਸ ਖਾ ਰਹੇ ਕੁੱਤਿਆ ਨੂੰ ਵੇਖ ਹੈਰਾਨ ਹੋਇਆ, "ਹੈਂਅ ਇਹ ਜਾਨਵਾਰ ਕਿਵੇਂ ਮੁਰਦਾ ਜਾਨਵਾਰਾਂ ਦਾ ਮਾਸ ਖਾ ਰਹੇ ਹਨ, ਕੀ ਇਨ੍ਹਾਂ ਦਾ ਖ਼ੂਨ ਵੀ ਸਫੈਦ ਹੋ ਗਿਆ? ਐ ਖ਼ੁਦਾ ! ਤੂੰ ਇਹ ਬੁਰੀਆਂ ਆਦਤਾਂ ਜਾਨਵਰਾਂ ਦੇ ਦਿਮਾਗ ਵਿਚ ਵੀ ਪੈਦਾ ਕਰ ਦਿੱਤੀਆਂ, ਅੱਗੇ ਤਾਂ ਸੁਣੀਂਦਾ ਸੀ ਕਿ ਇਨਸਾਨ ਨੇ ਇਨਸਾਨ.....।"

ਉਸ ਦੀਆਂ ਸਚਾਂ ਦੀ ਲੜੀ ਅਜੇ ਚੱਲ ਰਹੀ ਸੀ ਕਿ ਹੱਡਾ ਰੋੜੀ ਦੇ ਕੁੱਤਿਆਂ ਦੀ ਨਜ਼ਰ ਉਸ ਉਤੇ ਪਈ, ਉਨ੍ਹਾਂ ਨੇ ਉਸ ਨੂੰ ਵੇਖ ਨਾਸਾਂ ਫੁੰਕਾਰੀਆਂ ਤੇ ਘੁਰ ਘੁਰ ਕਰਨ ਲੱਗੇ, "ਇਹ ਤਾਂ ਮਾਸ ਨਹੀਂ ਖਾਂਦਾ।" ਇਕ ਨੇ ਕਿਹਾ।

"ਇਹ ਆਪਣੀ ਬਰਾਦਰੀ ਦਾ ਨਹੀਂ ਲਗਦਾ।" ਦੂਜਾ ਬੋਲਿਆ।

"ਚਲੋ ਦੇਖਦੇ ਆਂ।" ਕਹਿ ਕੇ ਉਹ ਸਾਰੇ ਉਸ ਦੁਆਲੇ ਇਕੱਠੇ ਹੋ ਗਏ ਅਤੇ ਡਰਾਉਣੀਆਂ ਅੱਖਾਂ ਨਾਲ ਉਸ ਨੂੰ ਘੂਰਨ ਲੱਗੇ ਅਤੇ ਆਪਣੇ ਖੂੰਖਾਰ ਪੰਜੇ ਧਰਤੀ ਤੇ ਘੁਸਰਾਉਣ ਲੱਗੇ।

"ਤੂੰ ਇਥੇ ਕੀ ਕਰ ਰਿਹਾ ਏ? ਤੈਨੂੰ ਨੀ ਪਤਾ ਇਹ ਸਾਡਾ ਇਲਾਕਾ ਹੈ?" ਇਕ ਨੇ ਉਸ ਪਾਲਤੂ ਕੁੱਤੇ ਨੂੰ ਸਵਾਲ ਕੀਤਾ।

ਮੈਂ...ਮੈਂ ਤਾਂ ਘਰੋਂ ਭੱਜ ਕੇ ਆਇਆ ਹਾਂ ਕਿਉਂ ਕਿ ਅੱਜ ਮੇਰੇ ਮਾਲਕ ਨੇ ਮੈਨੂੰ ਨਾਜ਼ਾਇਜ਼ ਮਾਰਿਆ ਹੈ, ਉਸ ਨੇ ਮੇਰੀ ਕਦਰ ਨਹੀਂ ਕੀਤੀ।"

"ਤੂੰ ਇਨਸਾਨ ਤੋਂ ਕਦਰ ਦੀ ਆਸ ਰੱਖਦੈ...ਮੂਰਖ ਏ ਤੂੰ......ਤੇਰੇ ਤੇ ਗੁੱਸਾ ਆਉਂਦੈ ਮੈਨੂੰ। ਅੱਜ ਦਾ ਇਨਸਾਨ ਇਸ ਕਦਰ ਗਿਰ ਚੁੱਕਿਐ, ਬਹੁਤ ਸਵਾਰਥੀ ਬਣ ਗਿਐ, ਜ਼ਾਲਮ ਬਣ ਗਿਐ, ਸੀਨਾ ਜ਼ੋਰ ਬਣ ਗਿਐ। ਤੂੰ ਸਿਰਫ਼ ਚਾਰਦੀਵਾਰੀ ਦੇ ਅੰਦਰ ਦੀ ਦੁਨੀਆਂ ਦੇਖੀ ਹੈ। ਬਾਹਰ ਦੀ ਆਜ਼ਾਦੀ ਨਹੀਂ। ਇਨਸਾਨ ਜਬਰ ਕਰਦੈ ਤੇ ਦੂਜੇ ਨੂੰ ਵੀ ਉਸਕਾਉਂਦੇ। ਇਸ ਲਈ ਤੂੰ ਸਾਡੇ ਵਿਚ ਰਲ ਜਾ। ਇੱਥੇ ਨਿੱਤ ਨਵੇਂ ਮੁਰਦਾਰ ਆਉਂਦੇ ਨੇ। ਤੂੰ ਮਾਸ ਖਾਇਆ ਕਰ।" ਦੂਸਰੇ ਕੁੱਤੇ ਨੇ ਇਨਸਾਨ ਨੂੰ ਬਹੁਤ ਬੁਰਾ ਭਲਾ ਕਿਹਾ।

"ਨਹੀਂ, ਮੈਂ ਤੁਹਾਡੇ ਵਿਚ ਨਹੀਂ ਰਲਾਂਗਾ, ਮੈਂ ਵਾਪਸ ਘਰ ਜਾਵਾਂਗਾ, ਬੇਸ਼ੱਕ ਇਨਸਾਨ ਸਵਾਰਥੀ ਏ, ਪਰ ਮੈਨੂੰ ਤਾਂ ਉਸ ਨੇ ਹੀ ਪਾਲਿਆ ਏ। ਮੈਂ ਉਸ ਦਾ ਨਮਕ ਖਾਧਾ ਏ, ਤੇ ਮੈਂ ਨਮਕ ਹਰਾਮ ਨਹੀਂ......ਇਹ ਠੀਕ ਹੈ ਕਿ ਹੁਣ ਇਨਸਾਨ ਜ਼ਾਲਮ ਵੀ ਬਣ ਗਿਐ......ਪਰ ਮੈਂ ਇਨਸਾਨ ਨਹੀਂ.....ਮੇਰੀ ਜਾਤ ਨੂੰ ਤਾਂ ਸਦੀਆਂ ਤੋਂ ਵਫ਼ਾਦਾਰ ਮੰਨਿਆ ਗਿਐ.....।" ਤੇ ਅਗਲੇ ਹੀ ਪਲ ਉਹ ਘਰ ਵੱਲ ਨੂੰ ਤੁਰ ਪਿਆ।

0000

## ਅੰਧਾ ਕਾਨੂੰਨ

ਉਦੋਂ ਉਹ ਕਟਹਿਰੇ ਵਿਚ ਖੜਾ ਸੀ, ਪਰ ਨਿਰਦੋਸ਼ ਸੀ, ਫਿਰ ਵੀ ਉਸ ਉਤੇ ਇਲਜ਼ਾਮ ਲਗਾਏ ਗਏ। ਉਹ ਚੁੱਪ ਰਿਹਾ, ਬੋਲਿਆ ਵੀ, ਪਰ ਝੂਠੇ ਗਵਾਹਾਂ ਦੇ ਝੂਠੇ ਬਿਆਨਾਂ ਅੱਗੇ ਉਸ ਦਾ ਸੱਚ ਨਿਰਉਤਰ ਰਿਹਾ। ਉਸ ਨੇ ਚੀਖ ਚੀਖ ਕੇ ਵੀ ਕਹਿ ਦੇਖਿਆ ਕਿ ਨਹੀਂ, ਮੈਂ ਦੋਸ਼ੀ ਨਹੀਂ , ਇਹ ਸਮਾਜ ਦੀ ਗ਼ਲਤਫਹਿਮੀ ਹੈ। ਸੱਚ ਬੋਲ ਬੋਲ ਉਸ ਦਾ ਗਲਾ ਘਗਿਆ ਗਿਆ, ਪਰ ਇਨਸਾਫ ਵਜੋਂ ਉਸ ਨੂੰ ਦੋ ਸਾਲ ਦੀ ਸਜ਼ਾ ਸੁਣਾ ਦਿੱਤੀ ਗਈ।

....ਤੇ ਅੱਜ, ਉਹ ਫਿਰ ਕਟਹਿਰੇ ਵਿਚ ਖੜ੍ਹਾ ਸੀ, ਹਾਲਾਂਕਿ ਉਹ ਦੋਸ਼ੀ ਵੀ ਸੀ, ਉਸ ਨੇ ਜੁਰਮ ਵੀ ਕੀਤਾ ਸੀ, ਪਰ ਅੱਜ ਕਾਨੂੰਨ ਦੇ ਹੱਥ ਉਸ ਨੂੰ ਸਜ਼ਾ ਦਿੰਦਿਆਂ ਕੰਬ ਰਹੇ ਸਨ। ਉਹ ਬਾਇੱਜ਼ਤ ਬਰੀ ਹੋ ਗਿਆ, ਕਿਉਂ ਕਿ ਉਸ ਨੇ ਸਾਰੇ ਗਵਾਹ ਖਰੀਦ ਲਏ ਸਨ।

0000

## ਅਧੂਰੀਆਂ ਸੱਧਰਾਂ

ਬੁੱਢਾ ਬਾਪ ਆਪਣੀ ਜੁਆਨ ਧੀ ਨੂੰ ਦੇਖ ਕੇ ਆਪਣੇ ਦਿਲ ਅੰਦਰ ਸੁਪਨੇ ਸੰਜੋਅ ਰਿਹਾ ਸੀ, "ਮੇਰੀ ਚਾਵਾਂ ਮਲਾਰਾਂ ਨਾਲ ਪਾਲੀ ਹੋਈ ਲਾਡੋ ਰਾਣੀ, ਜਦੋਂ ਡੋਲੀ ਵਿਚ ਬੈਠ ਆਪਣੇ ਸਹੁਰੇ ਘਰ ਜਾਵੇਗੀ ਤਾਂ ਮੈਂ ਇਕੱਲਾ ਰਹਿ ਜਾਵਾਂਗਾ। ਮੈਂ ਆਪਣੀਆਂ ਅੱਖਾਂ 'ਚੋਂ ਛਲਕਦੇ ਹੰਝੂਆਂ ਨੂੰ ਰੋਕ ਨਹੀਂ ਪਾਵਾਂਗਾ......ਪਰ ਮੇਰੀ ਲਾਡੋ ਦੀਆਂ ਬਾਹਾਂ ਵਿਚ ਲਾਲ ਚੂੜਾ ਹੋਵੇਗਾ ਅਤੇ ਮੱਥੇ ਉਤੇ ਸੁਹਾਗ ਦੀ ਬਿੰਦੀ ਹੋਵੇਗੀ।"

ਅਚਾਨਕ ਸ਼ੋਰ ਹੋਇਆ.....ਠਾਅ....। "ਕਿਤੇ ਗੋਲੀ ਚੱਲੀ ਲੱਗਦੀ ਆ....।" ਲੋਕ ਘੁਸਰ ਮੁਸਰ ਕਰਨ ਲੱਗੇ। ਸਭ ਨੇ ਜਦੋਂ ਦੇਖਿਆ, ਬੁੱਢਾ ਬਾਪ ਆਪਣੀ ਲਾਡੋ ਰਾਣੀ ਨੂੰ ਡੋਲੀ ਵਿਚ ਬੈਠਦਿਆਂ ਦੇਖਣ ਦੀ ਸਧਰ ਦਿਲ ਵਿਚ ਲਈ ਠੰਡਾ ਪਿਆ ਸੀ ਅਤੇ ਲਾਡੋ ਰਾਣੀ ਘਰ 'ਚੋਂ ਗਾਇਬ ਸੀ।

੦੦੦੦

## ਬਰਫ਼ ਦੀ ਸਿੱਲ

ਦਸੰਬਰ ਮਹੀਨੇ ਦਾ ਮੱਧ ਅਤੇ ਕਹਿਰ ਦੀ ਸਰਦੀ। ਇੱਕ ਪ੍ਰੇਮੀ ਦੀ ਪ੍ਰੇਮਿਕਾ ਰਾਤ ਨੂੰ ਆਪਣੀ ਸਹੇਲੀ ਦੇ ਘਰ ਉਸਦੇ ਵਿਆਹ ਦੀ ਖੁਸ਼ੀ ਵਿਚ ਗਿੱਧਾ ਦੇਖਣ ਗਈ ਹੋਈ ਸੀ, ਤੇ ਪ੍ਰੇਮੀ ਅੱਜ ਇਸ ਤਾੜ ਵਿਚ ਸੀ ਕਿ ਉਸ ਨੇ ਅੱਜ ਉਸ ਨੂੰ ਜ਼ਰੂਰ ਮਿਲਣਾ ਹੈ।

ਚੰਦ ਦੀ ਮਿੰਨੀ ਮਿੰਨੀ ਰੌਸ਼ਨੀ ਵਿਚ ਉਹ ਆਪਣੇ ਪ੍ਰੇਮੀ ਨੂੰ ਖੜ੍ਹਾ ਵੇਖ ਹੈਰਾਨ ਹੋਈ, "ਤੁਸੀਂ ਇਥੇ ਕਿਵੇਂ ?" ਉਸ ਦੀਆਂ ਨਜ਼ਰਾਂ ਨੇ ਪ੍ਰੇਮੀ ਨੂੰ ਸਵਾਲ ਕੀਤਾ।

"ਸਿਰਫ਼ ਤੇਰੇ ਲਈ......।" ਪ੍ਰੇਮੀ ਦੀਆਂ ਨਜ਼ਰਾਂ ਉਸ ਦੇ ਸਵਾਲ ਦਾ ਉੱਤਰ ਦੇ ਰਹੀਆਂ ਸਨ, ਤੇ ਫਿਰ ਪ੍ਰੇਮੀ ਦੇ ਬੁੱਲ੍ਹ ਫਰਕੇ....."ਬੜਾ ਚਿਰ ਲਾ ਦਿੱਤਾ, ਦੋ ਘੰਟਿਆ ਤੋਂ ਸਿਰਫ਼ ਤੇਰੀ ਖਾਤਿਰ ਮੈਂ ਇੰਨੀ ਠੰਡ ਵਿਚ ਖੜਾ ਤੇਰਾ ਇੰਤਜ਼ਾਰ ਕਰਦਾ ਬਰਫ਼ ਦੀ ਸਿੱਲ ਬਣ ਗਿਆ ਹਾਂ।"

ਉਸ ਨੇ ਪ੍ਰੇਮੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਤੱਕਿਆ ਤਾਂ ਉਸ ਨੂੰ ਉਨ੍ਹਾਂ ਵਿਚ ਕਾਮ ਛਾਇਆ ਨਜ਼ਰ ਆਇਆ, "ਭੈੜਿਆ ਝੂਠ ਕਿਉਂ ਬੋਲਦੈਂ, ਤੇਰੀਆਂ ਨਜ਼ਰਾਂ ਵਿਚ ਛਾਈ ਵਾਸ਼ਨਾ ਦੀ ਭੁੱਖ ਇਹ ਕਹਿ ਰਹੀ ਹੈ ਕਿ ਤੂੰ ਇੱਥੇ ਮੇਰੀ ਖ਼ਾਤਿਰ ਨਹੀਂ ਸਗੋਂ ਆਪਣੀ ਇਸ ਭੁੱਖ ਲਈ ਠੰਡ 'ਚ ਠਰ ਰਿਹੈਂ....।"

ਤੇ ਫਿਰ ਉਹ ਉਸ ਨੂੰ ਉਥੇ ਖੜਾ ਛੱਡ ਆਪਣੇ ਘਰ ਦੇ ਰਾਹ ਪੈ ਗਈ ਤੇ ਉਹ ਪ੍ਰੇਮੀ ਹੁਣ ਜਿਵੇਂ ਸੱਚ ਮੁੱਚ ਹੀ ਬਰਫ਼ ਦੀ ਸਿੱਲ੍ਹ ਬਣ ਗਿਆ ਹੋਵੇ।

oooo

## ਇੱਜ਼ਤ

ਜਦੋਂ ਉਸ ਨੇ ਦੇਖਿਆ ਕਿ ਉਸ ਨੂੰ ਵਿਆਹੁਣ ਆਏ ਲੜਕੇ ਦਾ ਬਾਪ ਉਨ੍ਹਾਂ ਦੀ ਹੈਸੀਅਤ ਤੋਂ ਵੱਧ ਦਾਜ ਮੰਗ ਰਿਹਾ ਹੈ, ਤਾਂ ਉਸ ਦਾ ਬਾਪੂ ਆਪਣੀ ਪਗੜੀ ਦੇ ਉਧੜੇ ਲੜਾਂ ਨੂੰ ਉਸ ਲੜਕੇ ਦੇ ਬਾਪ ਦੇ ਪੈਰਾਂ 'ਤੇ ਰੱਖ ਕੇ ਆਪਣੀ ਇੱਜ਼ਤ ਦੀ ਭੀਖ ਮੰਗ ਰਿਹਾ ਹੈ, ਤਾਂ ਉਸ ਤੋਂ ਇਹ ਝੱਲ ਨਾ ਹੋਇਆ।

ਉਹ ਲਗਨ ਮੰਡਪ ਵਿਚੋਂ ਉਠ ਖੜੀ ਹੋਈ ਤੇ ਆਪਣੇ ਬਾਪ ਦੀ ਪਗੜੀ ਵਾਪਸ ਉਸ ਦੇ ਸਿਰ 'ਤੇ ਰੱਖ ਕੇ ਬੋਲੀ, "ਬਾਪੂ ਤੇਰੀ ਇੱਜ਼ਤ ਇੰਨੀ ਸਸਤੀ ਨਹੀਂ ....ਜਿੰਨੀ ਇਹ ਅਮੀਰਜ਼ਾਦੇ ਸਮਝਦੇ ਹਨ.....ਆਪਣੀ ਸਾਰੀ ਦੌਲਤ ਨਾਲ ਵੀ ਇਹ ਤੇਰੀ ਇੱਜ਼ਤ ਨਹੀਂ ਖਰੀਦ ਸਕਦੇ। ਨਾਲੇ ਜਿੰਨ੍ਹਾਂ ਮੰਗਣ ਲੱਗਿਆ ਸ਼ਰਮ ਨਹੀਂ ਮੰਨੀ, ਉਹ ਮੈਨੂੰ ਕਿੰਨਾ ਕੁ ਸੁੱਖ ਦੇਣਗੇ.....ਮੈਂ ਅਜਿਹੇ ਦਾਜ ਦੇ ਲੋਭੀਆਂ ਦੇ ਘਰ ਆਪਣਾ ਵਿਆਹ ਨਹੀਂ ਕਰਾਉਣਾ...।" ਤੇ ਫਿਰ ਬਰਾਤ ਨੂੰ ਬਿਨਾਂ ਬਹੂ ਵਾਪਸ ਮੁੜਨਾ ਪਿਆ।

oooo

## ਮਹਿਕ ਵਿਹੂਣੇ

ਉਹ ਮੁੰਡਾ....ਕਿਆ ਕਹਿਣੇ, ਕੀ ਸਿਫ਼ਤ ਕਰਾਂ, ਬਿਜਲੀ ਵਾਂਗ ਤੇਜ ਤਰਾਰ, ਹਰ ਕੰਮ ਨੂੰ ਝੱਟ ਕਰ ਛੱਡਦਾ। ਸਮਾਜ ਸੁਧਾਰ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਉਸ ਦੀ ਮਿੱਠੀ ਬੋਲੀ ਅਤੇ ਮਿਲਾਪੜੇ ਸੁਭਾਅ ਕਾਰਨ ਉਸ ਦੀ ਗੱਲ ਕੋਈ ਨਾ ਟਾਲਦਾ। ਵੱਡੇ ਵੱਡੇ ਅਫਸਰਾਂ ਨਾਲ ਉਸਦੀ ਖਾਸੀ ਜਾਣ ਪਹਿਚਾਣ ਸੀ। ਘਰੋਂ ਵੀ ਤਕੜਾ ਸੀ, ਐਤਕਾਂ ਉਸ ਨੇ ਨਵਾਂ ਸਕੂਟਰ ਲੈ ਲਿਆ ਸੀ, ਕਹਿੰਦਾ ਦੂਰ ਪਾਰ ਜਾਣ ਲਈ ਬੰਦਾ ਸੌਖਾ ਰਹਿੰਦਾ , ਆਪਣੀ ਗੱਡੀ ਹੋਵੇ ਤਾਂ ਬੰਦਾ ਨੇਰ੍ਹੇ ਸਵੇਰੇ ਵੀ ਆ ਸਕਦੈ।

ਅੱਜ ਮੈਂ ਉਸ ਕੋਲ ਖੜਾ ਸੀ, ਇਕ ਬੰਦਾ ਉਸ ਕੋਲ ਆਇਆ, ਕਹਿਣ ਲੱਗਾ, 'ਪ੍ਰਧਾਨ ਸਾਹਿਬ...ਸਾਡਾ ਵੀ ਕੰਮ ਕਰਵਾ ਦਿਉ ਬਾਬਿਓ, ਇੰਨੀ ਵਾਰ ਕਹੇ ਤੇ ਤਾਂ ਰੱਬ ਵੀ ਮਿਹਰਬਾਨ ਹੋ ਜਾਂਦੈ....ਹੁਣ ਤਾਂ ਬੜੀ ਦੇਰ ਹੋ ਗਈ।'

'ਹੋ ਜੂ ਗਾ ਜੀ, ਫ਼ਿਕਰ ਨਾ ਕਰੋ, ਬੱਸ ਲੁਧਿਆਣੇ ਜਾਣ ਦੀ ਹੀ ਦੇਰ ਆ।' ਉਸ ਨੇ ਨਿਮਰਤਾ ਸਾਹਿਤ ਕਿਹਾ।

ਉਹ ਬੰਦਾ ਚਲਾ ਗਿਆ, ਮੈਂ ਵੀ ਉਸ ਤੋਂ ਵਿਦਾਇਗੀ ਲਈ, 'ਚੰਗਾ ਮੈਂ ਚੱਲਦਾ ਕਹਿ ਕੇ ਮੈਂ ਬੱਸ ਸਟੈਂਡ ਵੱਲ ਤੁਰ ਪਿਆ।

ਉਹ ਬੰਦਾਂ ਬੱਸ ਸਟੈਂਡ ਤੇ ਕਿਸੇ ਹੋਰ ਨਾਲ ਗੱਲਾਂ ਕਰ ਰਿਹਾ ਸੀ, 'ਯਾਰ ਪਤਾ ਨਹੀਂ ਕੀ ਸਮਝਦਾ ਆਪਣੇ ਆਪ ਨੂੰ, ਬੜਾ ਪ੍ਰਧਾਨ ਬਣਿਆ ਫਿਰਦਾ....ਗਰਾਂਟ ਦੇ ਪੈਸਿਆਂ ਦਾ ਸਕੂਟਰ ਲੈ ਕੇ ਰੋਅਬ ਝਾੜਦਾ ਫਿਰਦਾ......ਮੈਂ ਸੋਚਦਾਂ ਪਈ ਕਿਹੜੀ ਘੜੀ ਮੇਰਾ ਕੰਮ ਹੋਵੇ.....ਫ਼ੇਰ ਇਹਨੂੰ ਕੀਹਨੇ ਪੁੱਛਣੈਂ....।"

oooo

## ਫਰਕ

ਉਹ ਬਹੁਤ ਬਦਨਾਮ ਸੀ, ਜਿੱਥੋਂ ਵੀ ਲੰਘਦੀ ਲੋਕ ਉਸ ਨੂੰ ਬੁਰੀਆਂ ਬੁਰੀਆਂ ਗੱਲਾਂ ਆਖਦੇ, ਉਹ ਗੱਲਾਂ ਸੁਣ ਕੇ ਪ੍ਰੇਸ਼ਾਨ ਹੋ ਜਾਂਦੀ। ਇਕ ਦਿਨ ਅਚਾਨਕ ਹੀ ਉਹ ਮੇਰੀ ਦੁਕਾਨ ਤੇ ਆ ਗਈ, ਉਸ ਨੇ ਕੋਈ ਕੰਮ ਕਰਾਉਣਾ ਸੀ।

"ਕੀ ਤੁਸੀਂ ਸੱਚਮੁੱਚ ਹੀ ਇੰਨੇ ਬੁਰੇ ਹੋ, ਜਿੰਨਾ ਇਹ ਲੋਕ ਤੁਹਾਨੂੰ ਸਮਝਦੇ ਹਨ?" ਮੈਂ ਸਵਾਲੀਆਂ ਨਜ਼ਰਾਂ ਨਾਲ ਉਸ ਨੂੰ ਤੱਕਿਆ।

"ਨਹੀਂ, ਕੁਝ ਲੋਕਾਂ ਦੀ ਖ਼ਾਸੀਅਤ ਹੈ ਉਹ ਉਸ ਨੂੰ ਜਿਊਣ ਨਹੀਂ ਦਿੰਦੇ ਜੋ ਖ਼ੁੱਦਾਰੀ ਨਾਲ ਜੀਣਾ ਚਾਹੁੰਦਾ ਹੈ, ਜੋ ਉਹਨਾਂ ਅੱਗੇ ਝੁਕ ਜਾਂਦਾ ਹੈ, ਉਹ ਚੰਗਾ ਹੈ, ਜੋ ਨਹੀਂ ਝੁਕਦਾ, ਉਹ ਬੁਰਾ। ਮੈਂ ਐਹੋ ਜਿਹੇ ਲੋਕਾਂ ਤੋਂ ਸਖ਼ਤ ਨਫ਼ਰਤ ਕਰਦੀ ਹਾਂ, ਜੋ ਬਾਹਰੋਂ ਦੇਖਣ ਨੂੰ ਤਾਂ ਚੰਗੇ ਲਗਦੇ ਹਨ, ਪਰ ਅੰਦਰੋਂ ਦਿਲ ਦੇ ਕਾਲੇ ਹਨ ਅਤੇ ਮਾੜੇ ਕਰਮ ਕਰਦੇ ਹਨ। ਇਹੋ ਜਿਹੇ ਚੰਗਿਆਂ ਨਾਲੋਂ ਤਾਂ ਮੈਂ ਆਪਣੇ ਮਾੜੇ ਹੋਣ ਤੇ ਫ਼ਖ਼ਰ ਮਹਿਸੂਸ ਕਰਦੀ ਹਾਂ।"

ਉਸ ਦੇ ਇਹ ਜਵਾਬ ਸੁਣ ਕੇ ਮੈਂ ਉਹਨਾਂ ਲੋਕਾਂ ਅਤੇ ਉਸ ਦੇ ਵਿਚਾਰਾਂ ਵਿਚ ਜ਼ਮੀਨ ਆਸਮਾਨ ਦਾ ਫ਼ਰਕ ਮਹਿਸੂਸ ਕੀਤਾ।

0000

## ਪ੍ਰਮਾਤਮਾ

ਉਸ ਨੇ ਜਦ ਤੋਂ ਜਵਾਨੀ ਵੱਲ ਕਦਮ ਵਧਾਏ, ਮਾਂ ਨੇ ਨਸੀਹਤਾਂ ਕੀਤੀਆਂ ਕਿ ਬੇਟੀ ਇਸ ਦੁਨੀਆਂ ਵਿਚ ਸਾਰੇ ਲੋਕ ਚੰਗੇ ਨਹੀਂ ਹੁੰਦੇ, ਤੂੰ ਹਮੇਸ਼ਾਂ ਚੰਗਿਆਂ ਦੀ ਗੱਲ ਸੁਣਨੀ ਹੈ ਅਤੇ ਮਾੜਿਆਂ ਤੋਂ ਦੂਰ ਰਹਿਣਾ ਹੈ। ਦਿਲ ਵਿਚ ਹਮੇਸ਼ਾਂ ਪ੍ਰਮਾਤਮਾ ਦਾ ਡਰ ਰੱਖਣਾ ਚਾਹੀਦਾ ਹੈ, ਉਸ ਨੂੰ ਮੰਨਣਾ ਹੈ, ਉਹ ਜੋ ਕਰਦਾ ਹੈ ਠੀਕ ਕਰਦਾ ਹੈ। ਦੁੱਖ ਮੁਸੀਬਤ ਵੇਲੇ ਜਦੋਂ ਕੋਈ ਰਿਸ਼ਤੇਦਾਰ ਮਿੱਤਰ ਨੇੜੇ ਨਹੀਂ ਆਉਂਦਾ, ਉਸ ਵੇਲੇ ਪ੍ਰਮਾਤਮਾ ਹੀ ਤੁਹਾਡੀ ਸਹਾਇਤਾ ਕਰਦਾ ਹੈ।

ਉਹ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੰਨਦੀ ਰਹੀ। ਇਕ ਦਿਨ ਕਿਸੇ ਸ਼ੈਤਾਨ ਦੀ ਗਿਣੀ ਮਿਥੀ ਸਾਜ਼ਿਸ਼ ਅਧੀਨ ਉਹ ਜੰਗਲੀ ਹਿਰਨੀ ਵਾਂਗ, ਭੁੱਖੇ ਬਘਿਆੜਾਂ ਦੇ ਚੁੰਗਲ ਵਿਚ ਜਾ ਫਸੀ। ਉਸ ਨੇ ਆਪਣੀ ਪੂਰੀ ਵਾਹ ਲਾਈ ਕਿ ਉਹ ਆਪਣੀ ਇੱਜ਼ਤ ਬਚਾ ਸਕੇ। ਉਸ ਨੇ ਪ੍ਰਮਾਤਮਾ ਨੂੰ ਵਾਰ ਵਾਰ ਪੁਕਾਰਿਆ। ਹੈਵਾਨਾਂ ਅੱਗੇ ਆਪਣੀ ਇੱਜ਼ਤ ਲਈ ਹੱਥ ਜੋੜੇ, ਮਿੰਨਤਾਂ ਕੀਤੀਆਂ....ਪਰ ਉਸ ਵੇਲੇ ਉਸਦੀ ਪ੍ਰਮਾਤਮਾ ਨੇ ਵੀ ਕੋਈ ਮਦਦ ਨਹੀਂ ਕੀਤੀ।

ਭੁੱਖੇ ਬਘਿਆੜਾਂ ਨੇ ਉਸ ਦੀ ਬੇ ਪੱਤੀ ਕੀਤੀ....ਅਤੇ ਉਸ ਨੂੰ ਬੇਹੋਸ਼ ਛੱਡ ਤੁਰ ਗਏ। ਉਸ ਨੂੰ ਜਦੋਂ ਹੋਸ਼ ਆਈ ਤਾਂ ਉਹ ਫਟੇ ਹਾਲ, ਪਾਗਲਾਂ ਵਾਂਗ ਉੱਠ ਕੇ ਵਾਹੋਦਾਹੀ ਤੁਰ ਪਈ.....ਬੇਤਹਾਸ਼ਾ ਰੋਈ ਤੇ ਆਖਣ ਲੱਗੀ, "ਪ੍ਰਮਾਤਮਾ ਅੱਜ ਮੇਰੇ ਵਿਸ਼ਵਾਸ਼ ਦਾ ਵਿਸ਼ਵਾਸ਼ਘਾਤ ਹੋ ਗਿਆ।"

0000

## ਮਾਡਰਨ ਬਹੂ

ਕੁਝ ਦਿਨ ਹੋਏ ਮਾਂ ਪੁੱਤ ਨੇ ਰਲ ਕੇ, ਨੂੰਹ ਨੂੰ ਘੱਟ ਦਾਜ ਲਿਆਉਣ ਦੇ ਦੋਸ਼ ਵਿਚ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ, ਤੇ ਬਹੂ ਵਿਚਾਰੀ ਜ਼ਖ਼ਮਾਂ ਦੀ ਤਾਬ ਨਾ ਝੱਲਦੀ ਹੋਈ ਦਮ ਤੋੜ ਗਈ।

ਫਿਰ ਕੁਝ ਦਿਨਾਂ ਮਗਰੋਂ ਇਕ ਨਵੀਂ ਬਹੂ ਨੇ ਘਰ ਵਿਚ ਪੈਰ ਪਾਇਆ। ਕੁਝ ਕੁ ਦਿਨ ਸੌਖੇ ਲੰਘੇ, ਗੱਲ ਮੁੜ ਕੇ ਫਿਰ ਉੱਥੇ ਹੀ ਆ ਗਈ। ਸੱਸ ਨੇ ਨਵੀਂ ਬਹੂ ’ਤੇ ਵੀ ਰੋਅਬ ਪਾਉਣਾ ਸ਼ੁਰੂ ਕਰ ਦਿੱਤਾ। ਬਹੂ ਨੂੰ ਪਹਿਲੀ ਕਹਾਣੀ ਦਾ ਵੀ ਪਤਾ ਲੱਗ ਗਿਆ ਸੀ, ਤੇ ਉਹ ਚੰਗੀ ਤਰ੍ਹਾਂ ਜਾਣ ਗਈ ਸੀ ਕਿ ਇਹ ਘਿਉ ਸਿੱਧੀ ਉਂਗਲੀ ਨਾਲ ਨਿਕਲਣ ਵਾਲਾ ਨਹੀਂ। ਉਹ ਦਿਨ ਵੀ ਆ ਗਿਆ ਜਦੋਂ ਸੱਸ ਨੇ ਬਹੂ ’ਤੇ ਆਪਣਾ ਹੱਥ ਚੁੱਕਣ ਵਾਲਾ ਹਥਿਆਰ ਵੀ ਇਸਤਿਮਾਲ ਕਰ ਲਿਆ, ਪਰ ਇਹ ਬਹੂ ਪਹਿਲੀ ਬਹੂ ਵਰਗੀ ‘ਗਊ’ ਨਹੀਂ ਸੀ, ਵਿਰੋਧ ਵਿਚ ‘ਕਾਲਕਾ’ ਬਣ ਖੜ੍ਹੀ ਹੋ ਗਈ ਤੇ ਤਾੜ੍ਹ ਕਰਦਾ ਇਕ ਘੋਟਣਾ ਸੱਸ ਦੇ ਮੌਰਾਂ ਵਿਚ ਮਾਰਿਆ....।

ਤੇ ਹੁਣ ਸੱਸ ਆਪਣੀ ਇਸ ਮਾਡਰਨ ਬਹੂ ਦੇ ਅੱਗੇ ਖੜ੍ਹੀ ਕੰਬ ਰਹੀ ਸੀ, ਬਹੂ ਆਪਣੀ ਜਿੱਤ ਤੇ ਮੁਸਕਰਾ ਰਹੀ ਸੀ, ਜਿਵੇਂ ਇਹ ਕਹਿ ਰਹੀ ਹੋਵੇ ਕਿ “ਸਾਰੀਆਂ ਉਂਗਲਾਂ ਬਰਾਬਰ ਨਹੀਂ ਹੁੰਦੀਆਂ .....ਮਾਂ ਜੀ।”

0000

## ਸੱਭਿਆਚਾਰ

"ਮੈਂ ਕਿਹਾ ਭਾਈਆ ਜੀ ਸਤਿ ਸ੍ਰੀ ਆਕਾਲ! ਵਾਪਸ ਤੁਰਿਆ ਆਉਨੇ, ਪ੍ਰੋਗਰਾਮ ਨੀ ਵੇਖਣ ਗਿਆ, ਤੇਰੇ ਪੁੱਤਰ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਐਡਾ ਵੱਡਾ ਮੇਲਾ ਲਾਇਆ ਹੋਇਆ।"

"ਪੁੱਤ ਗਿਆ ਤਾਂ ਸੀ, ਮੁੰਡਾ ਤਾਂ ਕਹਿੰਦਾ ਸੀ, ਕਿ ਵਧੀਆ ਤੇ ਸੱਭਿਆਚਾਰਕ ਪ੍ਰੋਗਰਾਮ ਹੋਵੇਗਾ, ਪਰ ਮੈਨੂੰ ਤਾਂ ਉੱਥੇ ਸੱਭਿਆਚਾਰ ਦੀ ਕੋਈ ਗੱਲ ਦਿਖਾਈ ਨਹੀਂ ਦਿੱਤੀ। ਬੱਸ ਐਵੇਂ....ਆਹ ਕੀ ਕਹਿੰਦੇ ਆ.....ਬਿਜਲੀ ਵਾਲੇ ਵਾਜੇ ਜਿਹੇ ਵਜਾਈ ਜਾਂਦੇ ਆ, ਮੇਰਾ ਤਾਂ ਸਿਰ ਫਟਣ ਲੱਗ ਪਿਆ।"

"ਬਾਪੂ ਜਰਾ ਬੈਠਣਾ ਸੀ ਕੋਈ ਗਾਣਾ ਸੁਣਦਾ, ਤਾਂ ਹੀ ਸੱਭਿਆਚਾਰਕ ਪ੍ਰੋਗਰਾਮ ਦਾ ਪਤਾ ਲੱਗਦਾ, ਅੱਜ ਕੱਲ੍ਹ ਤਾਂ ਪਿੰਡ ਪਿੰਡ ਐਹੋ ਜਿਹੇ ਪ੍ਰੋਗਰਾਮ ਕਰਕੇ ਸਰਕਾਰ ਸੱਭਿਆਚਾਰ ਦੀ ਸੇਵਾ ਕਰ ਰਹੀ ਹੈ ਤੇ ਲੋਕਾਂ ਨੂੰ ਉਹਨਾਂ ਦੇ ਸੱਭਿਆਚਾਰ ਤੋਂ ਜਾਣੂ ਕਰਵਾ ਰਹੀ ਹੈ।"

"ਨਾਂ ਤੂੰ ਇਸ ਊਟ ਪਟਾਂਗ ਨੂੰ ਸੱਭਿਆਚਾਰ ਕਹਿਨਾ, ਮੈਂ ਤਾਂ ਉਥੇ ਇਕ ਹੀ ਗੀਤ ਸੁਣਿਆ, ਜਰਾ ਕੋਠੇ ਉਤੇ ਆ ਜਾ......ਹਾਏ ਬੰਤੋ। ਇਸ ਗੀਤ 'ਚ ਕਿੰਨਾ ਕੁ ਸੱਭਿਆਚਾਰ ਲੋਕਿਐ, ਮੈਨੂੰ ਪਤੈ......। ਨਾ ਕੀ ਤੁਸੀਂ ਆਪਣੀਆਂ ਧੀਆਂ ਭੈਣਾਂ ਨੂੰ ਇਹੋ ਸੱਭਿਆਚਾਰ ਦੇਣੈ...." ਤੇ ਫਿਰ ਉਸ ਨੂੰ ਕੋਈ ਗੱਲ ਨਾ ਅਹੁੜੀ।

oooo

## ਦਰਵਾਜ਼ੇ ਦਾ ਰਾਜ਼

ਉਹ ਵਿਚੋਲੇ ਦੇ ਵਾਰ ਵਾਰ ਕਹਿਣ 'ਤੇ ਕਿ ਘਰ ਬਹੁਤ ਤਕੜਾ ਹੈ, ਉਥੇ ਰਿਸ਼ਤਾ ਕਰਨ ਲਈ ਮੰਨ ਗਏ, ਪਰ ਉਹਨਾਂ ਦੀ ਸ਼ਰਤ ਸੀ ਕਿ ਪਹਿਲਾਂ ਅਸੀਂ ਲੜਕੀ ਦੇਖਾਂਗੇ, ਜੇ ਪਸੰਦ ਆਈ ਤਾਂ ਰਿਸ਼ਤਾ ਪੱਕਾ।

ਉਹ ਤਿੰਨ ਚਾਰ ਜਣੇ ਮਾਰੂਤੀ ਵੈਨ ਵਿਚ ਲੜਕੀ ਦੇਖਣ ਆਏ ਜਿਸ ਘਰ ਉਹਨਾਂ ਨੇ ਜਾਣਾ ਸੀ, ਉਸ ਘਰ ਦਾ ਬਾਹਰਲਾ ਦਰਵਾਜ਼ਾ ਟੁੱਟਾ ਫੁੱਟਾ ਸੀ, ਉਹ ਕੁਝ ਸੋਚਦੇ ਹਨ, ਆਪਸ ਵਿਚ ਸਲਾਹ ਕਰਦੇ ਹਨ ਅਤੇ ਵਿਚੋਲੇ ਨੂੰ ਕੋਸਦੇ ਹਨ, "ਉਹ ਤਾਂ ਕਹਿੰਦਾ ਸੀ ਭਈ ਘਰ ਬੜਾ ਤਕੜਾ ਹੈ, ਆਹ ਤਾਂ ਘਰ ਦੇ ਭਾਗ ਦਰਵਾਜ਼ੇ ਤੋਂ ਈ ਦਿਸ ਪਏ, ਚਲੋ ਵਾਪਸ, ਆਪਾਂ ਨੀ ਦੇਖਣੀ ਕੁੜੀ।"

"ਸਰਦਾਰ ਜੀ ਕੀ ਗੱਲ ਹੋਈ, ਤੁਸੀਂ ਪਿੱਛੇ ਕਿਉਂ ਮੁੜ ਪਏ?" ਅਚਾਨਕ ਲੜਕੀ ਦਾ ਪਿਤਾ ਬਾਹਰ ਆ ਗਿਆ।

"ਤੁਹਾਡੇ ਵਿਚੋਲੇ ਦੇ ਕਹਿਣ ਅਨੁਸਾਰ ਅਸੀਂ ਤਾਂ ਸੋਚਿਆ ਸੀ ਕਿ ਘਰ ਚੰਗਾ ਤਕੜਾ ਹੋਵੇਗਾ, ਪਰ ਇਹ ਤਾਂ ਤੁਹਾਡੇ ਘਰ ਦੇ ਇਸ ਟੁੱਟੇ ਦਰਵਾਜ਼ੇ ਤੋਂ ਹੀ ਦਿਸ ਪਿਆ।" ਮੁੰਡੇ ਦਾ ਚਾਚਾ ਘੁਮੰਡ ਵਿਚ ਬੋਲਿਆ।

"ਸਰਦਾਰ ਜੀ ਤੁਸੀਂ ਗ਼ਲਤ ਸਮਝ ਗਏ, ਤੁਸੀਂ ਅੰਦਰ ਤਾਂ ਆ ਜਾਂਦੇ, ਅੰਦਰ ਕੋਈ ਕਮੀ ਨਹੀਂ, ਕਿਸੇ ਚੀਜ਼ ਦਾ ਘਾਟਾ ਨਹੀਂ, ਤੁਸੀਂ ਵੀ ਇਸ ਦਰਵਾਜ਼ੇ ਦਾ ਰਾਜ਼ ਨਹੀਂ ਜਾਣ ਸਕੇ। ਇਹ ਟੁੱਟਾ ਫੁੱਟਾ ਦਰਵਾਜ਼ਾ ਤਾਂ ਬਾਹਰ ਇਸ ਕਰਕੇ ਲਾਇਆ ਕਿ ਹੁਣ ਸਮਾਂ ਈ ਐਹੋ ਜਿਹਾ.....। ਚੋਰਾਂ ਡਾਕੂਆਂ ਦਾ ਕੀ ਭਰੋਸਾ......।"

0000

## ਕਹਾਣੀ ਦਾ ਅੰਤ

ਉਹ ਜਦ ਵੀ ਕਦੀ ਮੈਨੂੰ ਮਿਲਦਾ ਤਾਂ ਮੈਨੂੰ ਬੇਹੱਦ ਖੁਸ਼ੀ ਹੁੰਦੀ, ਕਿਉਂ ਕਿ ਉਹ ਬਹੁਤ ਹੀ ਚੰਗੀਆਂ ਤੇ ਪਿਆਰੀਆਂ ਗੱਲਾਂ ਕਰਦਾ। ਮੈਂ ਕੁਝ ਪਲ ਲਈ ਆਪਣਾ ਦੁੱਖ ਭੁੱਲ ਜਾਂਦਾ।

ਜੇ ਕਦੇ ਧਾਰਮਿਕ ਗੱਲਾਂ ਕਰਨ ਬੈਠਦਾ ਤਾਂ ਮੇਰੇ ਕੋਲੋਂ ਉਸ ਦੀ ਕਿਸੇ ਵੀ ਗੱਲ ਦਾ ਜੁਆਬ ਨਾ ਸੁੱਝਦਾ, ਅਜਿਹੀਆਂ ਗੱਲਾਂ ਦੱਸਦਾ ਜੋ ਮੇਰੀ ਸਮਝ ਤੋਂ ਬਾਹਰ ਹੁੰਦੀਆਂ, ਜਾਂ ਮੈਂ ਪਹਿਲੀ ਵਾਰ ਸੁਣ ਰਿਹਾ ਹੁੰਦਾ। ਮੈੂ ਕਈ ਵਾਰ ਭੁਲੇਖਾ ਪੈਂਦਾ ਜਿਵੇਂ ਮੈਂ ਕਿਸੇ ਮਹਾਨ ਦਾਰਸ਼ਨਿਕ ਨਾਲ ਮੁਲਾਕਾਤ ਕਰ ਰਿਹਾ ਹੋਵਾਂ।

ਪਰ ਕਈ ਵਾਰ ਮੈਨੂੰ ਮਹਿਸੂਸ ਹੋਇਆ ਕਿ ਉਸ ਦੀਆਂ ਇਨ੍ਹਾਂ ਗੱਲਾਂ ਪਿੱਛੇ ਹੰਝੂਆਂ ਤੇ ਹਾਉਂਕਿਆਂ ਦੀ ਇਕ ਲੰਮੀ ਕਤਾਰ ਹੈ। ਪਰ ਜਦ ਵੀ ਮੈਂ ਉਸ ਨੂੰ ਪੁੱਛਣ ਦੀ ਕੋਸ਼ਿਸ਼ ਕੀਤੀ ਤਾਂ ਉਹ ਟਾਲ ਗਿਆ।

ਇਕ ਦਿਨ ਮੈਂ ਜ਼ਿੱਦ ਕੀਤੀ, ਉਹ ਟਾਲਦਾ ਰਿਹਾ, ਪਰ ਮੈਂ ਵੀ ਅੜਿਆ ਰਿਹਾ ਆਪਣੀ ਜ਼ਿੱਦ 'ਤੇ, ਕਿ ਅੱਜ ਤਾਂ ਪੁੱਛਕੇ ਹੀ ਰਹਾਂਗਾ। ਮੇਰੀ ਜ਼ਿੱਦ ਕਾਰਨ ਉਸ ਨੇ ਮੈਨੂੰ ਆਪਣੀ ਦੁੱਖ ਭਰੀ ਕਹਾਣੀ ਸੁਣਾਈ। ਉਸ ਦੀ ਕਹਾਣੀ ਸੁਣ ਕੇ ਮੈਨੂੰ ਆਪਣਾ ਦੁੱਖ ਬਹੁਤ ਛੋਟਾ ਜਾਪਿਆ। ਮੈਂ ਸੋਚਿਆ ਕਿ ਇਹ ਇੰਨੇ ਦੁੱਖ ਸਹਿ ਕੇ ਵੀ ਅਡੋਲ ਹੈ ਤੇ ਮੈਂ.....ਛੋਟੇ ਜਿਹੇ ਦੁੱਖ ਨਾਲ ਹੀ ਡੋਲ ਗਿਆ, ਤੇ ਫਿਰ ਉਸ ਤੋਂ ਬਾਦ....ਮੈਂ ਆਪਣੇ ਦੁੱਖ ਹਮੇਸ਼ਾਂ ਲਈ ਭੁੱਲ ਗਿਆ।

੦੦੦੦

## ਖਤਰਾ

"ਤੂੰ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਿਉਂ ਕੀਤੀ?" ਇੰਸਪੈਕਟਰ ਨੇ ਲੜਕੀ ਨੂੰ ਕਿਹਾ ਜਿਸ ਨੇ ਨਦੀ ਵਿਚ ਛਾਲ ਮਾਰੀ ਸੀ।

"ਮੈਂ ਜੀਣਾ ਨਹੀਂ ਚਾਹੁੰਦੀ, ਮੈਂ ਆਪਣਾ ਕਾਲਾ ਮੂੰਹ ਲੈ ਕੇ ਜੀਣਾ ਨਹੀਂ ਚਾਹੁੰਦੀ। ਮੇਰੇ ਨਾਲ ਧੋਖਾ ਹੋਇਐ, ਮੇਰੇ ਨਾਲ ਜ਼ਬਰਦਸਤੀ ਹੋਈ, ਜ਼ਬਰਦਸਤੀ ਮੇਰੀ ਇੱਜ਼ਤ ਲੁੱਟੀ ਗਈ। ਕੀ ਮੈਂ ਆਪਣੀ ਇੱਜ਼ਤ ਲੁੱਟਣ ਤੋਂ ਬਾਅਦ ਵੀ ਜ਼ਿੰਦਾ ਰਹਾਂ। ਮੈਨੂੰ ਕੌਣ ਝੱਲੇਗਾ, ਕੌਣ ਰੱਖੇਗਾ ਆਪਣੇ ਕੋਲ।" ਲੜਕੀ ਪਾਗਲਾਂ ਵਾਂਗ ਬੋਲੀ ਜਾ ਰਹੀ ਸੀ।

"ਜਿਸ ਨੇ ਤੇਰੇ ਨਾਲ ਜ਼ੁਲਮ ਕੀਤਾ ਤੂੰ ਉਸ ਦੀ ਰਿਪੋਰਟ ਕਰ, ਉਸ ਦਾ ਨਾਂ ਦੱਸ, ਕਾਨੂੰਨ ਉਸ ਨੂੰ ਸਜ਼ਾ ਦੇਵੇਗਾ।" ਇੰਸਪੈਕਟਰ ਨੇ ਕਿਹਾ।

"ਕਾਨੂੰਨ ਉਸ ਨੂੰ ਸਜ਼ਾ ਨਹੀਂ ਦੇ ਸਕਦਾ, ਕਿਉਂਕਿ ਸਾਰੇ ਹੀ ਕਾਨੂੰਨ ਦੇ ਰਾਖੇ ਉਸ ਦੀ ਮੁੱਠੀ ਵਿਚ ਹਨ, ਉਹ ਇਕ ਨੇਤਾ ਦੀ ਵਿਗੜੀ ਹੋਈ ਔਲਾਦ ਹੈ, ਕੀ ਤੇਰਾ ਕਾਨੂੰਨ ਉਸ ਨੂੰ ਸਜ਼ਾ ਦੇ ਸਕਦਾ ਹੈ?" ਲੜਕੀ ਨੇ ਕਿਹਾ।

ਨੇਤਾ ਦਾ ਨਾਂ ਸੁਣਦਿਆਂ ਇੰਸਪੈਕਟਰ ਚੁੱਪ ਕਰ ਕੇ ਤੁਰ ਪਿਆ ਜਿਵੇਂ ਉਸ ਨੂੰ ਹੁਣ ਉਸ ਲੜਕੀ ਦਾ ਨਹੀਂ, ਬਲਕਿ ਆਪਣੀ ਵਰਦੀ ਦੇ ਉੱਤਰ ਜਾਣ ਦਾ ਖ਼ਤਰਾ ਹੋਵੇ।

oooo

## ਕਮਾਈ, ਖਰਚਾ, ਗਰੀਬੀ

"ਮੈਂ ਕਿਹਾ ਜੀ ਆਪਣੇ ਕੋਲ ਕਿੰਨੇ ਕੁ ਪੈਸੇ ਹੈਗੇ?"

"ਪੈਸੇ? ਕਿਉਂ?? ਕੀ ਗੱਲ ਹੋਈ???"

"ਆਹ, ਕਾਟ ਆਇਆ, ਪੇਕਿਆਂ ਤੋਂ, ਭਤੀਜੀ ਦੇ ਵਿਆਹ ਦਾ, ਤਾਂ ਪੁੱਛਦੀ ਸੀ।"

"ਕਦੋਂ ਦਾ?"

"ਕੱਲ੍ਹ ਪਰਸੋਂ ਤੇ ਚੌਥੇ, ਬੱਸ ਤਿੰਨ ਦਿਨ ਵਿਚਾਲੇ ਆ।" ਉਹ ਉਂਗਲਾਂ ਤੇ ਦਿਨ ਗਿਣਦੀ ਬੋਲੀ।

"ਫਿਰ ਮੈਂ ਕੀ ਕਰਾਂ, ਮੇਰੇ ਕੋਲ ਤਾਂ ਪੈਸੇ ਹੈ ਨੀਂ, ਅਜੇ ਹੁਣ ਤਾਂ ਲਾਏ ਆ ਬਿੱਟੂ ਦੇ ਬੁਖਾਰ ਤੇ, ਅਜੇ ਤਾਂ ਉਹ ਵੀ ਚੰਗੀ ਤਰ੍ਹਾਂ ਰਾਜ਼ੀ ਨੀ ਹੋਇਆ।" ਉਹ ਸੱਚਾਈ ਬੋਲ ਗਿਆ।

"ਫਿਰ ਕਿਵੇਂ ਕਰੀਏ ਜਾਣਾ ਵੀ ਤਾਂ ਜ਼ਰੂਰੀ ਬਣਦਾ। ਕੱਲ੍ਹ ਨੂੰ ਸ਼ਰੀਕੇ 'ਚ ਮੂੰਹ ਕਿਵੇਂ ਦਿਖਾਉਣਾ, ਨਾ ਗਈ ਤਾਂ ਨੱਕ ਵੱਢਿਆ ਜਾਊ।" ਉਸਨੇ ਲੋਕ ਲਾਜ ਬਾਰੇ ਸੋਚਿਆ।

"ਹੁਣ ਤਾਂ ਜਾ ਨਹੀਂ ਹੋਣਾ, ਪੈਸਿਆਂ ਤੋਂ ਬਿਨ੍ਹਾਂ ਕਿਵੇਂ ਜਾਏਗੀ? ਨਾਲੇ ਵਿਆਹ ਦੀ ਸੋਚੀਏ ਕਿ ਆਪਣਾ ਦੇਖੀਏ, ਕਮਾਈ ਤਾਂ ਤੈਨੂੰ ਵੀ ਪਤੈ....ਤੇ ਖਰਚੇ...ਮਹਿੰਗਾਈ ਤਾਂ ਵਧਦੀ ਹੀ ਜਾ ਰਹੀ ਆ। ਡਾਕਟਰਾਂ ਦਾ ਖ਼ਰਚ ਵੀ ਬੜਾ ਆ....ਰੱਬ ਤਾਂ ਗਰੀਬ ਨੂੰ ਡਾਕਟਰ ਦੇ ਵੱਸ ਨਾ ਪਾਵੇ।" ਉਹ ਆਪਣੀ ਕਮਾਈ, ਖਰਚ ਅਤੇ ਗਰੀਬੀ ਬਾਰੇ ਸੋਚਦਾ, ਪਤਾ ਨੀਂ ਕਿਹੜੇ ਵੇਲੇ ਸੌਂ ਗਿਆ।

○○○○

# ਮਹਿੰਦੀ

ਉਸ ਦੇ ਹੱਥਾਂ ਦੀ ਤਾਂ ਅਜੇ ਮਹਿੰਦੀ ਵੀ ਫਿੱਕੀ ਨਹੀਂ ਸੀ ਪਈ, ਕੋਈ ਵੀ ਚਾਅ ਉਸ ਦਾ ਅਜੇ ਪੂਰਾ ਨਹੀਂ ਸੀ ਹੋਇਆ, ਕਿ ਕੁਪੱਤੀ ਸੱਸ ਤੇ ਨਣਦ ਦੇ ਤਾਅਨੇ ਉਸ ਦੀ ਹਿੱਕ ਸਾੜਨ ਲੱਗੇ। ਕੰਤ ਫੌਜੀ ਸੀ, ਤੇ ਉਹ ਮਹੀਨੇ ਪਿੱਛੋਂ ਹੀ ਪੂਰੇ ਸਾਲ ਲਈ ਚਲਾ ਗਿਆ।

ਸਹੁਰਾ ਭਲਾ ਲੋਕ ਸੀ, ਸਿਆਣਾ ਉਹ ਵਿਚਾਰਾ ਸਾਰਾ ਦਿਨ ਘਰੋਂ ਬਾਹਰ ਹੀ ਰਹਿੰਦਾ, ਉਹ ਵੀ ਆਪਣੀ ਘਰ ਵਾਲੀ ਦੇ ਮਿਜ਼ਾਜ਼ ਤੋਂ ਚੰਗੀ ਤਰ੍ਹਾਂ ਜਾਣੂ ਸੀ। ਕਦੇ ਕੁਝ ਕਹਿਣ ਦੀ ਕੋਸ਼ਿਸ਼ ਕਰਦਾ ਤਾਂ, ਉਸ ਨੂੰ ਵੀ ਦੋ ਚਾਰ ਖ਼ਰੀਆਂ ਖ਼ਰੀਆਂ ਸੁਣਨੀਆਂ ਪੈਂਦੀਆਂ।

ਸੱਸ ਨੂੰ ਅਸਲ ਸਾੜਾ ਤਾਂ ਸੀ ਕਿ ਬਹੂ ਦਾਜ ਬੜਾ ਘੱਟ ਲਿਆਈ ਸੀ। ਬਹੂ ਵਿਚਾਰੀ ਵੀ ਕੀ ਕਰਦੀ ਗਰੀਬ ਮਾਪਿਆਂ ਨੂੰ ਕਿੰਨਾਂ ਕੁ ਤੰਗ ਕਰਦੀ, ਸੱਸ ਨੇ ਆਨੇ ਬਹਾਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ।

"ਕੁਲੈਹਿਣਿਆਂ ਦੀਏ, ਮਹਿੰਦੀ ਨੂੰ ਨਿਹਾਰਦੀ ਰਹੇਂਗੀ, ਪਸ਼ੂਆਂ ਦਾ ਗੋਹਾ ਚੁੱਕ ਜਾ ਕੇ।"

"ਅੱਛਾ ਮਾਂ ਜੀ।" ਕਹਿ ਕੇ ਉਹ ਗੋਹਾ ਚੁੱਕਣ ਲੱਗ ਪਈ। ਮਾਪਿਆਂ ਘਰ ਤਾਂ ਉਸ ਨੇ ਕਦੇ ਵਿਹੜਾ ਵੀ ਸਵਾਰਿਆ ਤਾਂ ਚਾਅ ਨਾਲ। ਬੇਸ਼ੱਕ ਮਾਪੇ ਗਰੀਬ ਸਨ, ਪਰ ਲਾਡਲੀ ਹੋਣ ਕਰਕੇ ਕਦੇ ਕੰਮ ਦਾ ਬੋਝ ਨਹੀਂ ਸੀ ਪਾਇਆ, ਪਰ ਸਹੁਰੇ ਘਰ ਪਹਿਲੇ ਦਿਨ ਜਦ ਉਸ ਨੇ ਵੀਹ ਪਸ਼ੂਆਂ ਦਾ ਗੋਹਾ ਚੁੱਕਿਆ ਤਾਂ ਉਸ ਦੇ ਸਿਰ ਵਿਚੋਂ ਧੂੰਆਂ ਜਿਹਾ ਨਿਕਲ ਗਿਆ। ਕੁਝ ਦਿਨ ਬੜੀ ਮੁਸ਼ਕਿਲ ਨਾਲ ਲੰਘਾਏ ਤੇ ਅੰਤ ਹਾਰ ਕੇ ਸੱਸ ਨੂੰ ਕਹਿ ਦਿੱਤਾ, "ਮਾਂ ਜੀ ਮੈਥੋਂ ਇਕੱਲੀ ਤੋਂ ਨਹੀਂ ਹੁੰਦਾ, ਨਾਲੇ ਰੋਟੀ ਟੁੱਕ ਵੀ ਕਰਨਾ ਹੁੰਦੈ, ਭੈਣ ਜੀ ਮੇਰੇ ਨਾਲ ਹੱਥ ਵਿਟਾ ਦਿਆ ਕਰਨ।" ਉਸ ਨੇ ਆਪਣੀ ਨਨਾਣ ਬਾਰੇ ਕਿਹਾ ਸੀ।

ਤੀਸਰੇ ਦਿਨ ਹੀ ਨੂੰਹ ਨੂੰ ਅੱਗ ਲੱਗ ਗਈ, ਸੱਸ ਦਾ ਕਹਿਣਾ ਸੀ ਕਿ ਸਟੋਵ ਫਟ ਗਿਆ। ਇਸ ਤੋਂ ਪਹਿਲਾਂ ਕਿ ਹਸਪਤਾਲ ਪਹੁੰਚ ਕੇ ਨੂੰਹ ਕੋਈ ਬਿਆਨ ਦਿੰਦੀ, ਬੁੱਤ ਵਿਚੋਂ ਭੌਰ ਉਡਾਰੀ ਮਾਰ ਗਿਆ।

0000

## ਨਸ਼ਾ - ਨੁਕਸਾਨ

"ਬਾਬਾ ਜੀ ਸਤਿ ਸ੍ਰੀ ਆਕਾਲ।" ਹੱਥ ਵਿਚ ਕਾਪੀ ਅਤੇ ਪੈੱਨ ਫੜੀ ਉਸ ਨੇ ਡੇਰੇ ਵਾਲੇ ਸੰਤ ਨੂੰ ਜਾ ਬੁਲਾਇਆ।

"ਉਮਰਾਂ ਲੰਮੀਆਂ ਹੋਣ, ਕਿਵੇਂ ਆਉਣੇ ਹੋਏ।" ਆਸ਼ੀਰਵਾਦ ਦੀ ਆਕਰਸ਼ਿਕ ਮੁਦਰਾ ਵਿਚ ਬਾਬਾ ਜੀ ਨੇ ਅੱਖਾਂ ਝਮਕੀਆਂ।

"ਬਾਬਾ ਜੀ, ਮੈਂ ਪੱਤਰਕਾਰ ਹਾਂ। ਆਹ ਰਸਾਲਾ ਕੱਢਦੇ ਹਾਂ ਹਰ ਮਹੀਨੇ, ਤੁਹਾਡਾ ਸਹਿਯੋਗ ਚਾਹੀਦਾ। ਤੁਹਾਡੀ ਰਸਾਲੇ ਵਿਚ ਫੋਟੋ ਛਾਪ ਦਿਆਂਗੇ, ਨਾਲੇ ਡੇਰੇ ਬਾਰੇ ਲਿਖ ਦਿਆਂਗੇ, ਕਿ ਇੱਥੇ ਸੁੱਖੀ ਸੁੱਖਣਾਂ ਹਰ ਹਾਲਤ ਵਿਚ ਪੂਰੀ ਹੁੰਦੀ ਹੈ।" ਇੰਨੀ ਗੱਲ ਕਹਿ ਕੇ ਪੱਤਰਕਾਰ ਬਾਬਾ ਜੀ ਵੱਲ ਵੇਖਣ ਲੱਗਾ।

"ਅੱਛਾ ਇਸ ਦਾ ਸਾਨੂੰ ਕੀ ਫ਼ਾਇਦਾ ਹੋਊ, ਨਾਲੇ ਸਹਿਯੋਗ ਕਿੰਨਾ ਕੁ ਚਾਹੀਦਾ?" ਬਾਬਾ ਜੀ ਨੇ ਉਤਸੁਕਤਾ ਨਾਲ ਪੁੱਛਿਆ।

"ਕੋਈ ਬਹੁਤਾ ਨਹੀਂ, ਖ਼ਰਚ ਤਾਂ ਪੰਜ ਕੁ ਸੌ ਰੁਪਏ ਹੀ ਆਉਣਗੇ, ਪਰ ਫਾਇਦਾ ਬੜਾ ਹੋਊ, ਹਜ਼ਾਰਾਂ ਲੋਕ ਪੜ੍ਹਦੇ ਆ ਇਹ ਰਸਾਲਾ, ਸੈਂਕੜਿਆਂ ਦੇ ਹਿਸਾਬ ਤਾਂ ਲੋਕ ਜ਼ਰੂਰ ਆਉਣਗੇ...ਜੇ ਲੋਕ ਆਉਣਗੇ ਤਾਂ ਫਿਰ ਮਾਇਆ ਵੀ.....।" ਪੱਤਰਕਾਰ ਗੱਲ ਅਧੂਰੀ ਛੱਡ ਗਿਆ।

ਸੰਤਾਂ ਨੇ ਜੇਬ ਵਿਚ ਹੱਥ ਮਾਰਿਆ, ਪੈਸੇ ਅਤੇ ਫੋਟੋ ਪੱਤਰਕਾਰ ਨੂੰ ਦੇ ਦਿੱਤੀ।

0000

## ਬੁੱਕਲ ਦਾ ਸੇਕ

ਹਫ਼ਤੇ ਭਰ ਤੋਂ ਮੋਹਲੇਧਾਰ ਮੀਂਹ ਪੈ ਰਿਹਾ ਸੀ। ਉਹ ਆਪਣੀ ਨਿੱਕੀ ਕੱਚੀ ਮਿੱਟੀ ਦੀ ਕੰਧ ਨੂੰ ਦੇਖ ਦੇਖ ਡਰ ਰਹੀ ਸੀ, ਜਿਵੇਂ ਉਸ ਨੇ ਹੁਣੇ ਢਹਿ ਢੇਰੀ ਹੋ ਜਾਣਾ ਹੋਵੇ। ਅੰਦਰ ਅਤੇ ਬਾਹਰ ਵਿਚ ਕੋਈ ਫਰਕ ਨਹੀਂ ਸੀ, ਸਗੋਂ ਬਾਹਰ ਤਾਂ ਕਦੀ ਕਦੀ ਮੀਂਹ ਰੁਕ ਜਾਂਦਾ ਸੀ ਪਰ ਕੱਚਾ ਕੋਠਾ ਅੰਦਰੋਂ ਨਿਰੰਤਰ ਚੋਈ ਜਾ ਰਿਹਾ ਸੀ।

ਹਫ਼ਤੇ ਭਰ ਤੋਂ ਹੀ ਉਸ ਨੂੰ ਨੀਂਦ ਨਹੀਂ ਆਈ ਸੀ, ਕਿਉਂ ਕਿ ਡਿੰਗੂ ਡਿੰਗੂ ਕਰਦੇ ਆਪਣੇ ਕੱਚੇ ਕੋਠੇ ਥੱਲੇ ਦੋ ਬਾਲੜੀਆਂ ਨੂੰ ਨਾਲ ਲੈ ਕੇ ਸੌਣਾ ਉਸ ਨੇ ਮੁਨਾਸਿਬ ਨਾ ਸਮਝਿਆ। ਦੋਹਾਂ ਬੱਚੀਆਂ ਨੂੰ ਨਾਲ ਲਈ ਉਹ ਚਾਹ ਬਣਾਉਣ ਖ਼ਾਤਿਰ, ਤਿੱਪ ਤਿੱਪ ਕਰਦੀ ਇਕ ਖਾਨੇ ਦੀ ਰਸੋਈ ਵਿਚ ਪਹੁੰਚੀ ਤਾਂ ਉਸੇ ਵੇਲੇ ਧੜੰਮ ਕਰਕੇ ਸਾਰਾ ਕੋਠਾ ਥੱਲੇ ਆ ਗਿਆ।

ਉਹ ਹੌਸਲਾ ਕਰਕੇ ਉੱਠੀ, ਮੰਜੇ ਨੂੰ ਰਸੋਈ ਦੀ ਕੰਧ ਨਾਲ ਟੇਢਾ ਖੜ੍ਹਾ ਕੀਤਾ, ਉਸ ਉੱਤੇ ਫਟਿਆ ਪੁਰਾਣਾ ਤਰਪਾਲ ਪਾਇਆ, ਹੇਠਾਂ ਅੱਧਗਿੱਲੀ ਪਰਾਲੀ ਦੀ ਭਰੀ ਸੁੱਟੀ, ਬੇਫਿਰਕੀ ਜਿਹੀ ਹੋ ਕੇ ਆਪਣੇ ਦੁੱਖਾਂ ਨੂੰ ਸਮੇਟੀ ਬੱਚੀਆਂ ਨੂੰ ਨਾਲ ਲੈ ਕੇ ਗੂੜ੍ਹੀ ਨੀਂਦ ਸੌਂ ਗਈ, ਭਾਵੇਂ ਕਿ ਉਸ ਉੱਤੇ ਮੀਂਹ ਦੀਆਂ ਸਿੱਟਾਂ ਲਗਾਤਾਰ ਪੈ ਰਹੀਆਂ ਸਨ।

0000

## ਫ਼ਰਾਕ ਦੀ ਕੀਮਤ

ਪਿਛਲੇ ਕਈ ਦਿਨਾਂ ਤੋਂ ਕਰਮੇ ਦੀ ਘਰਵਾਲੀ ਕਹਿ ਰਹੀ ਸੀ, ਕਿ ਕੁੜੀ ਦੇ ਪਾਉਣ ਲਈ ਕੋਈ ਮਾੜੀ ਮੋਟੀ ਫ਼ਰਾਕ ਲਿਆ ਦੇ। ਪਹਿਲੀਆਂ ਦੋਵੇਂ ਤਾਂ ਫ਼ਟ ਗਈਆਂ ਹਨ। ਉਹਨਾਂ ਦਾ ਪਾਉਣ ਤਾਂ ਜਿਹੀਆਂ ਪਾਈਆਂ ਜਿਹੀਆਂ ਨਾ ਪਾਈਆਂ.......।

"ਕੋਈ ਨਾ, ਫਿਕਰ ਨਾ ਕਰ। ਕੱਲ੍ਹ ਨੂੰ ਬਾਬੂ ਨਾਲ ਹਿਸਾਬ ਕਰ ਕੇ ਸ਼ਹਿਰੋਂ ਆਪਣੀ ਸੋਨੂੰ ਲਈ ਵਧੀਆ ਜਿਹੀ ਫ਼ਰਾਕ ਲਿਆ ਦਊਗਾ।" ਕਰਮੇ ਨੇ ਛੋਟੀ ਕੁੜੀ ਸੋਨੂੰ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ ਸੀ।

ਦੂਸਰੇ ਦਿਨ ਕਰਮੇ ਨੇ ਬਾਬੂ ਨਾਲ ਹਿਸਾਬ ਕੀਤਾ ਤਾਂ ਉਸ ਨੂੰ ਹਫ਼ਤੇ ਦੀ ਮਜ਼ਦੂਰੀ ਦੇ ਸਾਢੇ ਤਿੰਨ ਸੌ ਮਿਲੇ। ਉਹ ਖੁਸ਼ ਸੀ, "ਅੱਜ ਮੈਂ ਸੋਨੂੰ ਲਈ ਸਭ ਤੋਂ ਵਧੀਆ ਫ਼ਰਾਕ ਲਿਆਊਂਗਾ।" ਇਹ ਸੋਚ ਉਹ ਸ਼ਹਿਰ ਵੱਲ ਨੂੰ ਤੁਰ ਪਿਆ। ਤੁਰਨ ਲੱਗਿਆ ਉਸ ਦੀ ਘਰਵਾਲੀ ਨੇ ਜ਼ਰੂਰਤ ਦੀਆਂ ਦੋ ਚਾਰ ਚੀਜ਼ਾਂ ਹੋਰ ਗਿਣਾ ਦਿੱਤੀਆਂ। 'ਅੱਛਾ ਅੱਛਾ ਲੈ ਆਊਗਾ।' ਕਹਿ ਕੇ ਉਹ ਚਾਈਂ ਚਾਈਂ ਸ਼ਹਿਰ ਪਹੁੰਚ ਗਿਆ।

ਸ਼ਹਿਰ ਜਾ ਕੇ ਉਹ ਕਈ ਦੁਕਾਨਾਂ ਵੇਖਦਾ ਲੰਘ ਗਿਆ, ਉਸ ਨੂੰ ਜਿਵੇਂ ਸੋਨੂੰ ਲਈ ਕੋਈ ਫ਼ਰਾਕ ਵਧੀਆ ਨਾ ਜਾਪੀ। ਰਸਤੇ ਵਿਚ ਇਕ ਵੱਡੇ ਸਾਰੇ ਸ਼ੋਰੂਮ ਵਿਚ ਦੁਧੀਆ ਬਲਬ ਦੀ ਰੌਸ਼ਨੀ ਥੱਲੇ ਚਮਕਦੀ ਇਕ ਕਾਲੀ ਫ਼ਰਾਕ ਉਸ ਨੂੰ ਚੰਗੀ ਲੱਗੀ। ਬਹੁਤ ਹੀ ਸੋਹਣੀ ਫ਼ਰਾਕ ਸੀ ਉਹ।

"ਹਾਂ....ਇਹ ਫ਼ਰਾਕ ਸੋਨੂੰ ਦੇ ਗੋਰੇ ਰੰਗ 'ਤੇ ਖ਼ੂਬ ਫਬੇਗੀ।" ਉਸ ਨੇ ਉਹ ਫ਼ਰਾਕ ਖ਼ਰੀਦਣ ਦਾ ਨਿਰਣਾ ਲਿਆ।

"ਲਾਲਾ ਜੀ ਔਹ ਫ਼ਰਾਕ ਕਿੰਨੇ ਕੁ ਦੀ ਆ....ਔਹ ਪਰੇ.....ਕਾਲੀ ਜਿਹੀ ਮੋਤੀਆਂ ਵਾਲੀ।" ਉਸ ਨੇ ਫ਼ਰਾਕ ਦੀ ਕੀਮਤ ਪੁੱਛੀ।

"ਸਿਰਫ਼ ਸਾਢੇ ਤਿੰਨ ਸੌ ਦੀ।" ਕਹਿ ਕੇ ਦੁਕਾਨਦਾਰ ਦੂਸਰੇ ਗ੍ਰਾਹਕ ਨਾਲ ਗੱਲ ਕਰਨ ਲੱਗਾ। ਫ਼ਰਾਕ ਦੀ ਕੀਮਤ ਸੁਣ ਕੇ ਉਸ ਦਾ ਹੱਥ ਉਸ ਦੇ ਦਿਲ ਤੇ ਅਤੇ ਪੈਰ ਦੁਕਾਨ ਤੋਂ ਬਾਹਰ ਆ ਗਏ।

0000

## ਨੇਕ ਸਲਾਹ

ਦੇਖਦਿਆਂ ਹੀ ਦੇਖਦਿਆਂ ਪੰਜਾਬ ਰੋਡਵੇਜ਼ ਦਾ ਕੰਡਕਟਰ ਸੀ. ਟੀ. ਯੂ. ਦੇ ਕੰਡਕਟਰ ਨਾਲ ਹੱਥੋ ਪਾਈ ਹੋਣ ਲੱਗਾ।

"ਪਹਿਲਾਂ ਸਾਡਾ ਨੰਬਰ ਹੈ," ਸੀ. ਟੀ. ਯੂ. ਦੇ ਕੰਡਕਟਰ ਨੇ ਕਿਹਾ।

"ਅਸੀਂ ਤਾਂ ਬਈ ਪਹਿਲਾਂ ਲੈ ਕੇ ਜਾਣੀ ਆ।" ਰੋਡਵੇਜ਼ ਦਾ ਕੰਡਕਟਰ ਕੁਝ ਔਖਾ ਜਿਹਾ ਹੋ ਕੇ ਬੋਲਿਆ।

ਸੀ. ਟੀ. ਯੂ. ਵਾਲਿਆਂ ਨੇ ਮੌਕਾ ਦੇਖ ਰੋਡਵੇਜ਼ ਦੇ ਕੰਡਕਟਰ ਨੂੰ ਧੂਹ ਲਿਆ। ਲੱਤਾਂ, ਮੁੱਕੇ ਅਤੇ ਹੱਥਾਂ ਵਿਚ ਫੜੇ ਝੋਲ੍ਹੇ, ਉਹ ਇਕ ਦੂਜੇ ਦੇ ਮਾਰਨ ਲੱਗੇ। ਕਿਸੇ ਦੇ ਮੂੰਹ ਵਿਚੋਂ ਖ਼ੂਨ ਵਗਣ ਲੱਗਾ ਤੇ ਕਿਸੇ ਦੀ ਲੱਤ ਵਿਚੋਂ। ਇਕ ਸਿਆਣੇ ਬਜ਼ੁਰਗ ਨੇ ਉਹਨਾਂ ਦੀ ਲੜਾਈ ਨੂੰ ਰੋਕਿਆ ਤੇ ਉਹਨਾਂ ਨੂੰ ਸਮਝਾਇਆ, "ਪੁੱਤਰੋ! ਤੁਸੀਂ ਕਿਉਂ ਲੜ ਰਹੇ ਹੋ, ਤੁਸੀਂ ਤਾਂ ਆਪਣੀ ਆਪਣੀ ਤਨਖਾਹ ਹੀ ਲੈਣੀ ਆਂ, ਸਵਾਰੀਆਂ ਨਾਲ ਤੁਹਾਨੂੰ ਕੀ, ਸਵਾਰੀਆਂ ਦਾ ਕਿਰਾਇਆ ਤਾਂ ਮਾਲਕਾਂ ਦੀ ਝੋਲੀ ਵਿਚ ਜਾਣਾ.....।"

......ਤੇ ਫਿਰ ਉਹ ਦੋਵੇਂ ਆਪਣੀ ਆਪਣੀ ਬੱਸ ਵਿਚ ਚਲੇ ਗਏ।

oooo

## ਖਿਆਲ

"ਮੈਂ ਕਿਹਾ ਜੀ ਸਤਿ ਸ੍ਰੀ ਆਕਾਲ।" ਕਾਰ ਨੂੰ ਗੇਟ ਦੇ ਬਾਹਰ ਖੜ੍ਹੀ ਕਰਕੇ ਉਸ ਨੇ ਸੁਪਰਡੈਂਟ ਨੂੰ ਜਾ ਬੁਲਾਇਆ।

"ਆਉ ਜੀ, ਸਤਿ ਸ੍ਰੀ ਆਕਾਲ, ਦੱਸੋ ਕਿਵੇਂ ਆਉਣੇ ਹੋਏ।" ਸੁਪਰਡੈਂਟ ਨੇ ਨਾ ਜਾਣਦਿਆਂ ਹੋਇਆਂ ਵੀ ਜਵਾਬ ਦਿੱਤਾ।

"ਅੱਜ ਤੁਹਾਡੇ ਤੱਕ ਕੰਮ ਪੈ ਗਿਆ, ਆਪਣੀ ਗੁੱਡੀ ਤੁਹਾਡੇ ਸੈਂਟਰ ਵਿਚ ਪੇਪਰ ਦੇ ਰਹੀ ਹੈ, ਜ਼ਰਾ ਖ਼ਿਆਲ ਰੱਖਣਾ।"

"ਨਾ ਜੀ ਨਾ, ਇਹ ਕੰਮ ਨਹੀਂ ਹੋਣਾ। ਐਤਕੀਂ ਉੱਤੋਂ ਸਖ਼ਤ ਹੁਕਮ ਆਇਆ, ਜੋ ਵੀ ਨਕਲ ਕਰਾਉਂਦਾ ਫੜਿਆ ਗਿਆ, ਉਸ ਦੀ ਨੌਕਰੀ ਦਾ ਖ਼ਤਰਾ ਹੈ।" ਸੁਪਰਡੈਂਟ ਦੇ ਬੋਲਾਂ ਵਿਚ ਡਰ ਦਾ ਅਹਿਸਾਸਾ ਸ਼ਾਮਲ ਸੀ।

"ਤੁਹਾਨੂੰ ਨਕਲ ਕਰਾਉਣ ਨੂੰ ਕਿਸ ਭੈੜੇ ਨੇ ਕਿਹਾ, ਖ਼ਿਆਲ ਰੱਖਣਾ ਗੁੱਡੀ ਪੇਪਰ ਆਪ ਹੀ ਕਰ ਲਵੇਗੀ।" ਦੋ ਸੌ ਸੌ ਦੇ ਕੜਕਦੇ ਨੋਟ ਉਸਦੀ ਮੁੱਠੀ ਵਿਚ ਰੱਖ ਕੇ ਉਸ ਨੇ ਅੱਖ ਦੱਬ ਦਿੱਤੀ।

"ਤੁਸੀਂ ਬੇਫ਼ਿਕਰ ਹੋ ਕੇ ਘਰ ਨੂੰ ਜਾਓ, ਪੂਰਾ ਪੂਰਾ ਖ਼ਿਆਲ ਰੱਖਾਂਗੇ ਤੁਹਾਡੀ ਗੁੱਡੀ ਦਾ.....।" ਬੇਝਿਜਕ ਜਿਹਾ ਹੋ ਕੇ ਸੁਪਰਡੈਂਟ ਬੋਲਿਆ।

੦੦੦੦

## ਜ਼ਮੀਰ ਦੀ ਤਾਕਤ

ਉਹ ਨੌਜਵਾਨ ਲੜਕੀ ਉਸ ਦੀ ਫਟੀ ਪੁਰਾਣੀ ਸਾੜ੍ਹੀ ਵਿਚੋਂ ਉਸ ਦੇ ਜਵਾਲ ਹੋ ਰਹੇ ਅੰਗ ਝਾਤੀਆਂ ਮਾਰ ਰਹੇ ਸਨ। ਆਪਣੇ ਜਿਸਮ ਨੂੰ ਸਾੜ੍ਹੀ ਦੇ ਪੱਲੇ ਨਾਲ ਲੁਕੋਂਦੀ ਹੋਈ ਪਿੱਠ ਨਾਲ ਵੱਡਾ ਸਾਰਾ ਥੈਲਾ ਲਾਈ ਕੂੜੇ ਦੇ ਢੇਰਾਂ ਵਿਚੋਂ ਪਲਾਸਟਿਕ ਦੇ ਲਿਫ਼ਾਫੇ ਚੁੱਗ ਰਹੀ ਸੀ। ਉਹ ਸਾਰੀ ਦੁਨੀਆਂ ਤੋਂ ਬੇਫ਼ਿਕਰ ਆਪਣੇ ਧਿਆਨ ਆਪਣੇ ਕੰਮ ਵਿਚ ਰੁੱਝੀ ਹੋਈ ਸੀ।

ਦੋ ਨੌਜਵਾਨ, ਜੋ ਦੇਖਣ ਪਾਖਣ ਵਿਚ ਅਮੀਰਜ਼ਾਦੇ ਲੱਗਦੇ ਸਨ, ਮੋਟਰਸਾਈਕਲ ਤੇ ਲੰਘੇ, ਉਸ ਨੂੰ ਦੇਖ ਬਰੇਕ ਮਾਰੀ ਤੇ ਹਾਰਨ ਮਾਰ ਕੇ ਕਿਹਾ, “ਮੈਂ ਕਿਹਾ ਸਾਡੇ ਨਾਲ ਚੱਲਣਾਂ ਅੱਜ.....।”

ਉਸ ਦੇ ਕੰਨਾਂ ਵਿਚ ਜੋ ਹੀ ਇਹ ਆਵਾਜ਼ ਪਈ, ਉਸ ਨੇ ਮੂੰਹ ਘੁਮਾ ਕੇ ਦੇਖਿਆ ਤੇ ਆਪਣੇ ਜ਼ਮੀਰ ਦੀ ਸਾਰੀ ਤਾਕਤ ਇਕੱਠੀ ਕਰ ਕੇ ਚੰਦ ਸ਼ਬਦ ਹੀ ਕਹਿ ਸਕੀ, “ਜੇ ਚੱਲਣਾ ਈ ਹੁੰਦਾ.....ਤਾਂ ਮੈਂ ਲਿਫ਼ਾਫ਼ੇ ਚੁੱਗਣ ਨਾ ਤੁਰਦੀ....।”

oooo

## ਚੁੱਪ

"ਵੇ ਰੁੜ ਜਾਣਿਆਂ, ਕੋਈ ਕੰਮ ਵੀ ਕਰ ਲਿਆ ਕਰ, ਵਿਹਲਾ ਅੰਨ ਦਾ ਦੁਸ਼ਮਣ ਬਣਿਆ ਪਿਆ।" ਮਾਂ ਨੇ ਨਿਕੰਮੇ ਪੁੱਤ ਨੂੰ ਦੋ ਚਾਰ ਖਰੀਆਂ ਖਰੀਆਂ ਸੁਣਾਈਆਂ।

"ਕੀ ਕੰਮ ਕਰਾਂ, ਮੈਂ ਕਿਹੜਾ ਚਰਖਾ ਕੱਤਣਾ।" ਅੱਗੋਂ ਪੁੱਤ ਦਾ ਇਹੋ ਜੁਆਬ ਸੀ।

"ਟੁੱਟ ਪੈਣਿਆਂ, ਅੰਨ੍ਹਾਂ ਹੋਇਐਂ, ਹੋਰ ਕੋਈ ਕੰਮ ਤਾਂ ਨੀ ਕਰਨਾ, ਤੈਥੋਂ ਤਾਂ ਇੰਨਾਂ ਵੀ ਨਹੀਂ ਦੇਖਿਆਂ ਜਾਂਦਾ, ਪਈ ਪਸ਼ੂ ਸਵੇਰ ਦੇ ਭੁੱਖੇ ਤਿਆਹੇ ਖੜ੍ਹੇ ਨੇ।" ਮਾਂ ਫੇਰ ਵਰ੍ਹ ਪਈ।

ਉਹ ਉੱਠਿਆ, ਪਸ਼ੂ ਖੋਲ੍ਹੇ, ਚਾਰਨ ਲਈ ਤੁਰ ਪਿਆ, ਉਸ ਤੋਂ ਬਾਅਦ ਘਰ ਵਿਚ ਇਕ ਖਾਮੋਸ਼ ਜਿਹੀ ਚੁੱਪ ਪਸਰ ਗਈ।

oooo

## ਸ਼ਰਮ

ਚਲਦੀ ਬੱਸ ਦੌਰਾਨ ਇਕ ਮੁਟਿਆਰ ਦਾ ਬੱਚਾ ਰੋਣ ਲੱਗ ਪਿਆ ਤੇ ਉਹ ਉਸ ਨੂੰ ਵਰਾਉਣ ਲਈ ਆਪਣਾ ਦੁੱਧ ਚੁੰਘਾਉਣ ਲੱਗ ਪਈ।

ਸਾਹਮਣੇ ਖੜਾ ਨੌਜਵਾਨ ਉਸ ਦੇ ਗੋਰੇ ਚਿੱਟੇ ਜਿਸਮ ਨੂੰ ਹਵਸ ਭਰੀਆਂ ਨਜ਼ਰਾਂ ਨਾਲ ਤੱਕੀ ਜਾ ਰਿਹਾ ਸੀ।

ਕੋਲ ਖੜ੍ਹੀ ਸਿਆਣੀ ਤੇ ਬਿਰਧ ਔਰਤ ਨੇ ਉਸ ਨੌਜਵਾਨ ਦੇ ਮੋਢੇ ’ਤੇ ਹੱਥ ਰੱਖਦਿਆਂ ਪਿਆਰ ਨਾਲ ਕਿਹਾ, “ ਪੁੱਤਰਾਂ ਤੂੰ ਵੀ ਤਾਂ ਕਿਸੇ ਦਾ ਦੁੱਧ ਚੁੰਘ ਕੇ ਜਵਾਨ ਹੋਇਆਂ।”

.....ਤੇ ਫਿਰ ਉਸ ਨੌਜਵਾਨ ਦੀਆਂ ਨਜ਼ਰਾਂ ਸ਼ਰਮ ਨਾਲ ਝੁਕ ਗਈਆਂ।

oooo

## ਸਮਝੌਤਾ

ਮਨਜੀਮਤ ਅਤੇ ਰਾਣੀ ਵਿਚ ਅੰਤਾਂ ਦਾ ਪਿਆਰ ਸੀ, ਉਹ ਦੋਵੇਂ ਇੱਕ ਦੂਜੇ ਨੂੰ ਦੇਖ ਕੇ ਹੀ ਜਿਊਂਦੇ ਸਨ। ਉਹਨਾਂ ਨੇ ਇਕੱਠੇ ਜਿਉਣ ਮਰਨ ਦੀਆਂ ਕਸਮਾਂ ਖਾਧੀਆਂ ਸਨ। ਉਹਨਾਂ ਨੇ ਆਪਣੇ ਮਾਪਿਆਂ ਨਾਲ ਆਪਣੇ ਵਿਆਹ ਦੀ ਗੱਲ ਕੀਤੀ, ਪਰ ਘਰਦਿਆਂ ਨੇ ਨਾਂਹ ਕਰ ਦਿੱਤੀ।

ਉਹਨਾਂ ਨੇ ਘਰਦਿਆਂ ਨੂੰ ਧਮਕੀ ਦਿੱਤੀ, ਕਿ ਜੇ ਸਾਡਾ ਦੋਵਾਂ ਦਾ ਵਿਆਹ ਨਾ ਕੀਤਾ ਤਾਂ ਅਸੀਂ ਜ਼ਹਿਰ ਖਾ ਕੇ ਮਰ ਜਾਵਾਂਗੇ। ਪਰ ਘਰਦਿਆਂ ਵਲੋਂ ਸਾਫ਼ ਇਨਕਾਰ ਸੀ, ਉਹਨਾਂ ਦਾ ਆਪਸ ਵਿਚ ਮਿਲਣਾ ਜੁਲਣਾ, ਉੱਠਣਾ ਬੈਠਣਾ ਸਭ ਬੰਦ ਕਰ ਦਿੱਤਾ ਗਿਆ।

ਅੱਜ ਦੋਵੇਂ ਉਹ ਇੱਕ ਮਹੀਨੇ ਬਾਅਦ ਟੱਕਰੇ ਸਨ, ਸਬੱਬ ਨਾਲ ਦੋਵੇਂ ਬੱਸ ਵਿਚ ਬੈਠ ਸ਼ਹਿਰ ਵੱਲ ਜਾ ਰਹੇ ਸਨ। ਚੋਰੀ ਚੋਰੀ ਉਹਨਾਂ ਦੋਵਾਂ ਨੇ ਇਕ ਦੂਜੇ ਨੂੰ ਤੱਕਿਆ ਪਰ ਉਹ ਇਕ ਦੂਜੇ ਨੂੰ ਬੁਲਾ ਨਾ ਸਕੇ ਕਿਉਂ ਕਿ ਮਨਜੀਤ ਨਾਲ ਉਸਦੀ ਵਾਹੁਟੀ ਚੂੜਾ ਪਾਈ ਬੈਠੀ ਸੀ ਅਤੇ ਰਾਣੀ ਨਾਲ ਉਸ ਦਾ ਪਤੀ ਬੈਠਾ ਸੀ।

oooo

## ਫ਼ੈਸਲਾ

ਉਹ ਨੌਜਵਾਨ ਮੁੰਡਾ ਕੁੜੀ....ਮੰਜ਼ਿਲ ਤੋਂ ਭਟਕੇ ਹੋਏ ਮੁਸਾਫ਼ਿਰਾਂ ਵਾਂਗ, ਕਦੇ ਇੱਧਰ ਅਤੇ ਕਦੇ ਉੱਧਰ ਕਿਸੇ ਇਕਾਂਤ ਥਾਂ ਦੀ ਤਲਾਸ਼ ਵਿਚ ਸਨ, ਜਿੱਥੇ ਬੈਠ ਕੇ ਉਹ ਕੁਝ ਪਲ ਇਕੱਠਿਆਂ ਬਿਤਾ ਸਕਣ। ਪਰ ਮਾਪਿਆਂ ਦੀ ਨਜ਼ਰਾਂ ਅਤੇ ਸਮਾਜ ਤੋਂ ਡਰਦਿਆਂ ਹੋਇਆਂ......।

.....ਪਰ ਉਨ੍ਹਾਂ ਨੂੰ ਕੋਈ ਵੀ ਐਸੀ ਇਕਾਂਤ ਜਗਾ ਨਜ਼ਰ ਨਹੀਂ ਆਈ, ਜਿੱਥੇ ਉਹ ਵੈਰੀ ਸਮਾਜ ਦੀਆਂ ਨਜ਼ਰਾਂ ਤੋਂ ਬਚ ਸਕਣ। ਹਰ ਥਾਂ ਸਮਾਜ ਦੀਆਂ ਨਜ਼ਰਾਂ ਉਹਨਾਂ ਦਾ ਪਿੱਛਾ ਕਰ ਰਹੀਆਂ ਸਨ, ਜੋ ਉਹਨਾਂ, ਦੋ ਪਿਆਰ ਕਰਨ ਵਾਲਿਆਂ ਨੂੰ ਦੋਸ਼ੀ ਮੰਨ ਸਜ਼ਾ ਦੀ ਮੰਗ ਕਰ ਰਿਹਾ ਸੀ।

ਅਚਾਨਕ ਹੀ ਉਹ ਅੱਖਾਂ ਦੇ ਇਸ਼ਾਰੇ ਨਾਲ ਕੋਈ ਫ਼ੈਸਲਾ ਕਰਦੇ ਹਨ, ਤੇ ਪਲਾਂ ਵਿਚ ਹੀ ਰੇਲਵੇ ਲਾਇਨ ਤੇ ਉਹਨਾਂ ਦੇ ਸਿਰ, ਉਹਨਾਂ ਦੇ ਸਰੀਰਾਂ ਤੋਂ ਵੱਖ ਹੋ ਜਾਂਦੇ ਹਨ।

0000

## ਮੰਗਤਾ

ਮੈਨੂੰ ਦੁਕਾਨ ਖੋਲੀ ਨੂੰ ਅਜੇ ਅੱਧਾ ਕੁ ਘੰਟਾ ਹੀ ਹੋਇਆ ਸੀ ਕਿ ਇਕ ਮੰਗਤਾ ਸਵੇਰੇ ਸਵੇਰੇ ਹੀ ਦੁਕਾਨ ਤੇ ਆ ਗਿਆ। ਮੈਂ ਅਜੇ ਕੋਈ ਵੀ ਪੈਸਾ ਨਹੀਂ ਵੱਟਿਆ ਸੀ। ਪਹਿਲਾਂ ਤਾਂ ਮੈਂ ਸੋਚਿਆ ਕਿ ਟਾਲ ਦਿਆਂ, ਫਿਰ ਸੋਚਿਆ ਚਲੋ ਇਸ ਨੂੰ ਖਾਲੀ ਨਹੀਂ ਮੋੜਦੇ।

ਮੈਂ ਦੇਖਿਆ ਗੱਲੇ ਦੇ ਬਾਹਰ ਪੰਝੀ ਪੈਸੇ ਦਾ ਸਿੱਕਾ ਪਿਆ ਸੀ, ਮੈਂ ਉਸ ਨੂੰ ਉਹ ਪੰਝੀ ਪੈਸੇ ਫੜਾ ਦਿੱਤੇ। ਉਸ ਨੇ ਦੋ ਤਿੰਨ ਵਾਰ ਪੰਝੀ ਪੈਸੇ ਦੇ ਸਿੱਕੇ ਨੂੰ ਅੱਗੇ ਪਿੱਛੇ ਕਰ ਕੇ ਦੇਖਿਆ ਅਤੇ ਵਾਪਸ ਮੇਰੇ ਹੱਥ 'ਤੇ ਰੱਖ ਕੇ ਬੋਲਿਆ, "ਕਿਆ ਪੱਚੀਸ ਪੈਸੇ ਦੇਤਾ ਹੈ, ਇਤਨੀ ਬੜੀ ਦੁਕਾਨ ਕਾ ਮਾਲਕ ਹੈ, ਕਮ ਸੇ ਕਮ ਏਕ ਰੁਪਿਆ ਤੋ ਦੇ....।"

"ਮੈਂ ਤਾਂ ਅਜੇ ਬੋਹਣੀ ਵੀ ਨਹੀਂ ਕੀਤੀ, ਤੇ ਤੂੰ ਸਵੇਰੇ ਈ ਰੁਪੈ ਮੰਗਣ ਆ ਗਿਆਂ, ਪੰਝੀ ਪੈਸੇ ਲੈਣੇ ਆ ਤਾਂ ਲੈ ਨਹੀਂ ਤਾਂ ਨਾ ਸਹੀ।"

ਉਹ ਬੁੜ ਬੁੜ ਕਰਦਾ ਤੁਰ ਪਿਆ ਤੇ ਮੈਂ ਸੋਚਣ ਲੱਗ ਪਿਆ ਕਿ ਕੀ ਸਮਾਂ ਆ ਗਿਆ, ਹੁਣ ਤਾਂ ਮੰਗਤਿਆਂ ਨੇ ਵੀ ਆਪਣੇ ਫਿਕਸ ਰੇਟ ਰੱਖ ਲਏ ਹਨ।

oooo

## ਸ਼ਰਾਬ

"ਚਾਚਾ ਤੂੰ ਸ਼ਰਾਬ ਨਾ ਪੀਆ ਕਰ, ਕਿਉਂਕਿ ਇਹ ਘਰ ਨੂੰ ਤਬਾਹ ਕਰ ਦਿੰਦੀ ਹੈ। ਸ਼ਰਾਬ ਨਾਲ ਸੁੱਖ ਨਹੀਂ, ਮੌਤ ਮਿਲਦੀ ਹੈ ਮੌਤ.....। ਤਾਂ ਕੀ ਹੋਇਆ ਜੇ ਤੇਰੇ ਘਰ ਕੋਈ ਪੁੱਤਰ ਨਹੀਂ....ਤੂੰ ਆਪਣੀ ਜੱਦੀ ਪੁਸ਼ਤੀ ਜ਼ਮੀਨ ਇਸ ਤਰ੍ਹਾਂ ਬਰਬਾਦ ਨਾ ਕਰ। ਨਾਲੇ ਜਿਸ ਬੰਦੇ ਦੇ ਧੜੇ ਤੂੰ ਚੜ੍ਹੀ ਫਿਰਦਾਂ ਨਾ....ਉਹ ਬੜਾ ਬੇਈ ਮਾਨ ਤੇ ਫਰੇਬੀ ਬੰਦੈ......।"

"ਓਏ ਨਹੀਂ ਸ਼ੇਰਾ! ਉਹ ਤਾਂ ਆਪਣਾ ਯਾਰ ਐ....ਹਮਰਾਜ਼ ਐ...।" ਜਗੀਰੇ ਚਾਚੇ ਨੇ ਨਸ਼ੇ ਦੀ ਲੋਰ ਵਿਚ ਕਿਹਾ।

ਥੋੜੇ ਕੁ ਦਿਨਾਂ ਬਾਅਦ ਉਹੀ ਗੱਲ ਹੋਈ, ਜਿਸ ਦਾ ਮੈਨੂੰ ਡਰ ਸੀ, ਉਸ ਧੋਖੇਬਾਜ਼ ਨੇ ਜਗੀਰੇ ਚਾਚੇ ਨੂੰ ਐਸੀ ਸ਼ਰਾਬ ਪਿਲਾਈ ਕਿ ਜਗੀਰਾ ਚਾਚਾ ਸੱਚਮੁੱਚ ਹੀ ਮੌਤ ਦੇ ਗਲੇ ਜਾ ਲੱਗਾ।

oooo

## ਭੈਣ ਜੀ

“ਭੈਣ ਜੀ।” ਮੇਰੀ ਇਹ ਆਵਾਜ਼ ਸੁਣ ਉਸ ਨੇ ਪਿੱਛੇ ਮੁੜ ਦੇਖਿਆ ਤੇ ਪੁਛਿਆ “ਜੀ ਕੀ ਗੱਲ?”

ਮੈਂ ਭਾਵੇਂ ਉਸ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਉਸ ਦੀਆਂ ਅੱਖਾਂ ਵਿਚ ਸ਼ਰਮਿੰਦਗੀ ਦੇ ਭਾਵ ਦੇਖ ਮਨ ਬਦਲ ਗਿਆ। “ਨਹੀਂ ਕੁਝ ਨਹੀਂ, ਤੁਸੀਂ ਜਾਓ....।” ਮੈਂ ਅੱਗੇ ਚਲਾ ਗਿਆ।

ਉਹ ਕੁੜੀਆਂ ਸ਼ਹਿਰ ਸਿਲਾਈ ਸਿੱਖਣ ਜਾਂਦੀਆਂ ਸਨ ਤੇ ਮੈਂ ਸ਼ਹਿਰ ਕਾਲਜ ਵਿਚ ਪੜ੍ਹਦਾ ਸੀ, ਉਨ੍ਹਾਂ ਦਾ ਤਕਰੀਬਨ ਹਰ ਰੋਜ਼ ਹੀ ਮੇਰੇ ਨਾਲ ਰਸਤੇ ਵਿਚ ਟਾਕਰਾ ਹੋ ਜਾਂਦਾ ਸੀ ਤੇ ਇਕ ਦਿਨ ਮੈਂ ਚੌਂਕਿਆਂ, “ਸ਼ਿੰਦੀ ਦੇਖ ਲੈ....ਤੇਰਾ ਉੱਦਣ ਵਾਲਾ ਭਾ ਜੀ, ਔਹ ਵੇਖ.....।”

ਮੈਂ ਉਹਨਾਂ ਤੋਂ ਕੁਝ ਅਗਾਂਹ ਸਾਇਕਲ ਤੇ ਜਾ ਰਿਹਾ ਸੀ, ਮੈਂ ਰੁਕ ਗਿਆ, ਜਦੋਂ ਉਹ ਮੇਰੇ ਬਰਾਬਰ ਪਹੁੰਚੀਆਂ ਤਾਂ ਸ਼ਿੰਦੀ ਦੀਆਂ ਅੱਖਾਂ ਹੰਝੂਆਂ ਨਾਲ ਨਮ ਸਨ।

“ਤੇਰੀਆਂ ਅੱਖਾਂ ਵਿਚ ਅੱਥਰੂ......?”

ਉਹ ਹੋਰ ਵੀ ਫਿੱਸ ਪਈ....“ਭਾ ਜੀ ਜਦੋਂ ਤੁਸੀਂ ਮੈਨੂੰ ਉਸ ਦਿਨ ਬੁਲਾ ਕੇ ਬਿਨ੍ਹਾਂ ਗੱਲ ਕੀਤਿਆਂ ਚਲੇ ਗਏ ਸੀ, ਇਹ ਉਦੋਂ ਤੋਂ ਹੀ ਮੈਨੂੰ ਛੇੜਦੀਆਂ ਰਹਿੰਦੀਆਂ ਹਨ। ਮੇਰਾ ਕੋਈ ਵੀਰ ਨਹੀਂ, ਇਸ ਲਈ ਮੈਨੂੰ ਇਨਾਂ ਦੀਆਂ ਗੱਲਾਂ ਸੁਣ ਰੋਣਾ ਆ ਜਾਂਦਾ ਹੈ। ਮੈਂ ਸੋਚਦੀ ਹਾਂ ਮੇਰਾ ਵੀ ਕੋਈ ਭਰਾ ਹੁੰਦਾ।”

ਮੈਂ ਵੀ ਉਸ ਦੀ ਭਾਵੁਕਤਾ ਵਿਚ ਵਹਿ ਗਿਆ, ਉਸ ਦੇ ਅੱਥਰੂਆਂ ਨੂੰ ਪੂੰਝਦਿਆਂ ਮੈਂ ਕਿਹਾ, “ਇਸ ਵਿਚ ਤੇਰਾ ਕੀ ਕਸੂਰ....ਵੈਸੇ ਇਸ ਦੁਨੀਆਂ ਦੀ ਮਾਨਸਿਕਤਾ ਵਿਚ ਵੀ ਹੱਦੋਂ ਵੱਧ ਕਮਜ਼ੋਰੀ ਆ ਗਈ, ਰਿਸ਼ਤਿਆਂ ਤੇ ਭਰੋਸਾ ਨਹੀਂ ਰਿਹਾ.....ਫਿਰ ਵੀ, ਕਿਉਂਕਿ ਮੇਰੀ ਵੀ ਕੋਈ ਭੈਣ ਨਹੀਂ, ਮੈਂ ਤੈਨੂੰ ਆਪਣੀ ਧਰਮ ਦੀ ਭੈਣ ਬਣਾਉਂਦਾ ਹਾਂ। ਤੂੰ ਹੁਣ ਇਹ ਨਾ ਸਚੀ ਕਿ ਤੇਰਾ ਕੋਈ ਭਰਾ ਨਹੀਂ।”

0000

## ਖੁਦਗਰਜ਼ ਆਤਮਾ

ਮਨੀਸ਼ ਉਸ ਨੂੰ ਬਚਪਨ ਤੋਂ ਹੀ ਆਂਟੀ ਕਹਿੰਦਾ ਸੀ ਅਤੇ ਡਾਢਾ ਮੋਹ ਕਰਦਾ ਸੀ। ਹੁਣ ਉਹ ਸੋਹਣਾ ਸੁਨੱਖਾ, ਭਰ ਜਵਾਨ ਗੱਭਰੂ ਹੋ ਗਿਆ ਸੀ। ਮਨੀਸ਼ ਨੂੰ ਆਪਣੀ ਆਂਟੀ ਦੀਆਂ ਹਰਕਤਾਂ ਕਦੇ ਕਦੇ ਅਜੀਬ ਜਿਹੀਆਂ ਮਹਿਸੂਸ ਹੁੰਦੀਆਂ, ਕਦੇ ਕਦੇ ਉਹ ਉਸ ਨੂੰ ਬਾਹਾਂ ਵਿਚ ਘੁੱਟ ਬੇਤਹਾਸ਼ਾ ਪਿਆਰ ਕਰਦੀ ਤੇ ਉਸ ਨਾਲ ਛੇੜਖਾਨੀਆਂ ਜਿਹੀਆਂ ਕਰਦੀ ਰਹਿੰਦੀ। ਮਨੀਸ਼ ਇਸ ਸਭ ਕਾਸੇ ਨੂੰ ਉਸ ਦੀ ਮਮਤਾ ਸਮਝਦਾ ਰਹਿੰਦਾ...ਕਿਉਂ ਕਿ ਉਸਦੀ ਆਪਣੀ ਕੋਈ ਔਲਾਦ ਨਹੀਂ ਸੀ, ਪਰ ਸ਼ਾਇਦ ਉਹ ਇਹ ਨਹੀਂ ਸੀ ਜਾਣਦਾ ਸੀ, ਕਿ ਇਹ ਉਸ ਦੀ ਮਮਤਾ ਨਹੀਂ, ਸਗੋਂ ਵਾਸ਼ਨਾ ਦੀ ਭੁਖ ਸੀ।

ਇਕ ਦਿਨ ਉਹੀ ਹੋਇਆ....ਉਸ ਨੇ ਮਨੀਸ਼ ਨੂੰ ਚਾਹ ਵਿਚ ਪਾ ਕੇ ਨਸ਼ੇ ਦੀਆਂ ਗੋਲੀਆਂ ਦੇ ਦਿੱਤੀਆਂ ਤੇ ਫਿਰ ਆਪਣੀ ਵਾਸ਼ਨਾ ਦੀ ਭੁੱਖ ਨੂੰ ਪੂਰਾ ਕਰ ਲਿਆ। ਜਦੋਂ ਉਸ ਦਾ ਨਸ਼ਾ ਉਤਰਿਆ ਤਾਂ ਉਹ ਨਗਨ ਹਾਲਤ ਵਿਚ ਬਿਸਤਰੇ ਤੇ ਸੀ। ਆਂਟੀ ਸਿਰਾਣੇ ਚਾਹ ਦਾ ਕੱਪ ਲਈ ਖੜ੍ਹੀ, ਮਿੰਨ੍ਹਾਂ ਮਿੰਨਾ ਮੁਸਕਰਾ ਰਹੀ ਸੀ। ਉਹ ਖੁਦਗਰਜ਼ ਆਤਮਾ ਦੇ ਚਿਹਰੇ ਤੇ ਸ਼ਰਮਿੰਦਗੀ ਦਾ ਨਾ ਨਿਸ਼ਾਨ ਵੀ ਨਹੀਂ ਸੀ, ਪਰ ਮਨੀਸ਼ ਨੂੰ ਲੱਗ ਰਿਹਾ ਸੀ, ਜਿਵੇਂ ਉਹ ਧਰਤੀ ਵਿਚ ਨਿੱਘਰਦਾ ਜਾ ਰਿਹਾ ਹੋਵੇ।

0000

## ਪੁਲਸੀਆ

ਪਿਛਲੇ ਕੁਝ ਦਿਨਾਂ ਤੋਂ ਉਸ ਦਾ ਕੰਮ ਕਾਰ ਠੰਡਾ ਸੀ। ਉਸ ਦਾ ਨਿੱਤ ਦਾ ਪਿਆਕੜ ਪੁਲਸੀਆ ਯਾਰ ਅੱਜ ਸਵੇਰੇ ਹੀ ਉਸ ਦੀ ਦੁਕਾਨ ਤੇ ਆ ਧਮਕਿਆ, ਆਉਂਦਿਆਂ ਸਾਰ ਹੀ ਬੋਲਿਆ, "ਕਿੱਦਾਂ ਹਾਲ ਐ......ਅੱਜ ਫਿਰ ਕਰ ਲੈ ਕੁਝ.....।"

"ਨਹੀਂ ਯਾਰ.....ਅੱਜ ਨੀਂ....ਫੇਰ ਸਹੀ। ਅੱਜ ਕੱਲ੍ਹ ਕੰਮ ਕਾਰ ਮੰਦਾ ਚੱਲ ਰਿਹੈ।"

ਪੁਲਸੀਆ ਮਾਯੂਸ ਹੋ ਕੇ ਚਲਾ ਗਿਆ। ਸ਼ਾਮ ਨੂੰ ਜਦ ਉਹ ਸਕੂਟਰ ਤੇ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਚੌਂਕ ਵਿਚ ਉਹੀ ਪੁਲਸੀਆ ਦੋ ਤਿੰਨ ਹੋਮਗਾਰਡਾਂ ਨੂੰ ਨਾਲ ਲਈ ਗੱਡੀਆਂ ਚੈੱਕ ਕਰ ਰਿਹਾ ਸੀ। ਪੁਲਸੀਏ ਨੇ ਉਸ ਨੂੰ ਰੋਕ ਲਿਆ, "ਤੇਰ ਸਕੂਟਰ ਦੀ ਲਾਈਟ ਅੱਧੀ ਕਾਲੀ ਕਿਉਂ ਨੀ ਬਈ.......ਨਾਲੇ ਮੂਹਰੇ ਨੰਬਰ ਪਲੇਟ ਵੀ ਹੈ ਨੀ.....ਤੇਰਾ ਤਾਂ ਚਲਾਨ ਬਣ ਗਿਆ।"

ਕਹਿੰਦਿਆਂ ਹੀ ਪੁਲਸੀਏ ਨੇ ਉਸ ਦਾ ਚਲਾਨ ਕੱਟ, ਚਲਾਨ ਪਰਚੀ ਉਸ ਦੇ ਹੱਥ ਤੇ ਧਰ ਦਿੱਤੀ।

ਹੱਥ 'ਚ ਫੜੀ ਚਲਾਨ ਪਰਚੀ ਨੂੰ ਤੱਕ, ਉਸ ਦੇ ਦਿਮਾਗ ਦੀਆਂ ਸੋਚਾਂ ਸਮੁੰਦਰ ਦੇ ਜਵਾਰਭਾਟੇ ਵਾਂਗ ਘੁਮੇਣੀਆਂ ਖਾਣ ਲੱਗੀਆਂ।

oooo

## ਖੱਟੇ ਅੰਗੂਰ

ਸੁਣਿਆ ਤਾਂ ਸੀ, ਪਈ ਉਹ ਬੁਰਾ ਬੰਦਾ ਆ.....ਪਰ ਅੱਜ ਦੇਖ ਵੀ ਲਿਆ, ਜਦੋਂ ਉਸ ਨੇ ਮੇਰੇ ਹੀ ਸਾਮ੍ਹਣੇ ਪਿੰਡ ਦੀ ਹੀ ਧੀ ਭੈਣ ਨਾਲ ਭੱਦਾ ਜਿਹਾ ਮਜ਼ਾਕ ਕੀਤਾ, "ਮੈਂ ਕਿਹਾ ਜੀ, ਜ਼ਰਾ ਸਾਡੇ ਵੱਲ ਵੀ ਲੰਘਦੇ ਵੜਦੇ ਨਿਗ੍ਹਾ ਮਾਰ ਲਿਆ ਕਰੋ....ਤੁਸੀਂ ਤਾਂ ਨਜ਼ਰ ਈ ਨਹੀਂ......।" ਉਹ ਵਾਲਾਂ ਵਿਚ ਹੱਥ ਫੇਰਦਾ ਬੋਲਿਆ ਸੀ।

'ਹਰਾਮਜਾਦਿਆ, ਆਪਣੀ ਭੈਣ ਨੂੰ ਕਹਿ ਤਾਂ ਜਾਕੇ .....ਜੇ ਥੋੜੀ ਬਹੁਤੀ ਸ਼ਰਮ ਬੱਚਦੀ ਆ ਤਾਂ ਜਾ ਕੇ ਡੁੱਬ ਕੇ ਮਰਜਾ.....ਜੇ ਮੈਂ ਆਪਣੇ ਘਰ ਦੱਸਤਾ ਤਾਂ ਤੂੰ ਲੱਭਿਆ ਨਹੀਂ ਥਿਆਉਣਾ....।"

ਕੁੜੀ ਨੇ ਨਿਡਰ ਹੋ ਕੇ ਖਰ੍ਹੀਆਂ ਖਰ੍ਹੀਆਂ ਸੁਣ ਦਿੱਤੀਆਂ।....ਤੇ ਉਹ ਛਿੱਥਾ ਜਿਹ ਹੋਇਆ, ਖਸਿਆਨੀ ਬਿੱਲੀ ਵਾਂਗੂੰ ਦੂਸਰੇ ਪਾਸੇ ਨੂੰ ਤੁਰ ਪਿਆ।

0000

## ਬੇਨਾਮ ਦੋਸਤੀ

“ਕੀ ਕਿਹਾ, ਪਹਿਚਾਣਿਆ ਨਹੀਂ।” ਜਸਵੀਰ ਨੇ ਸੁਨੀਤਾ ਨੂੰ ਕਿਹਾ, ਜੋ ਉਸ ਨਾਲ ਕਦੇ ਕਾਲਜ ਵਿਚ ਪੜ੍ਹਦੀ ਹੁੰਦੀ ਸੀ। ਸੁਨੀਤਾ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਨਾਲ ਖੜ੍ਹੀ ਆਪਣੀ ਸਹੇਲੀ ਰੇਸ਼ਮਾਂ ਨੂੰ ਪੁੱਛਿਆ, “ਰੇਸ਼ਮਾ....ਇਹ ਬੰਦਾ ਕੌਣ ਸੀ।”

“ਕੀ ਤੂੰ ਇਸ ਨੂੰ ਨਹੀਂ ਜਾਣਦੀ, ਇਹ ਤਾਂ ਜਸਵੀਰ ਐ, ਸਾਡੇ ਨਾਲ ਤਾਂ ਪੜ੍ਹਦਾ ਹੁੰਦਾ ਸੀ, ਨਾਲੇ ਤੇਰਾ ਬੈਸਟ ਫਰੈਂਡ ਵੀ ਸੀ।” ਇਸ ਤੋਂ ਪਹਿਲਾਂ ਕਿ ਰੇਸ਼ਮਾ ਕੁਝ ਹੋਰ ਬੋਲਦੀ, ਸੁਨੀਤਾ ਨੇ ਉਸ ਨੂੰ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ, ਸ਼ਾਇਦ ਉਹ ਥੋੜੀ ਦੂਰ ਖੜ੍ਹੇ ਆਪਣੇ ਪਤੀ ਸਾਹਮਣੇ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਵਿਆਹ ਤੋਂ ਪਹਿਲਾਂ ਉਸਦੀ ਹੋਰ ਕਿਸੇ ਨਾਲ ਦੋਸਤੀ ਨਹੀਂ ਸੀ।

0000

## ਤਮਾਸ਼ਾ

ਸਾਰੇ ਤਮਾਸ਼ਬੀਨ ਉਨ੍ਹਾਂ ਦੇ ਘਰ ਵੱਲ ਤੱਕ ਰਹੇ ਸਨ, ਉਹਨਾਂ ਨੂੰ ਅੱਜ ਕੋਈ ਵੀ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ। ਉਹ ਤਾਂ ਹਰ ਰੋਜ਼ ਪਿਉ ਪੁੱਤਰ ਦੀ ਆਪਸੀ ਲੜਾਈ ਦਾ ਮਜ਼ਾ ਲੈਂਦੇ ਸਨ, ਉਹਨਾਂ ਨੂੰ ਆਪਸ ਵਿਚ ਲੜਦਿਆਂ ਹੋਇਆਂ ਵੇਖਦੇ ਸਨ, ਪਰ ਅੱਜ ਘਰ ਵਿਚ ਨਾਮੋਸ਼ੀ ਛਾਈ ਹੋਈ ਸੀ।

ਪੁੱਤ ਨੇ ਹਰ ਰੋਜ਼ ਦੇ ਝਗੜੇ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਸੀ ਅਤੇ ਉਸ ਹਰ ਰੋਜ਼ ਦੀ ਲੜਾਈ ਦਾ ਅੰਤ ਹੋ ਗਿਆ । ਪਿਉ ਅੱਜ ਚੁੱਪ ਚਾਪ ਸਿਰ ਸੁੱਟੀ ਬੈਠਾ ਸੀ, ਬੱਸ, ਹੋਰ ਕੁਝ ਨਹੀਂ, ਪਰ ਕਦੇ ਕਦੇ ਮਾਂ ਦੀਆਂ ਹੌਕਿਆਂ ਵਿੰਨੀਆਂ ਸਿਸਕੀਆਂ ਦੀ ਆਵਾਜ਼ ਕੰਨਾਂ ਵਿਚ ਪੈ ਰਹੀ ਸੀ।

0000

## ਮਮਤਾ ਭਿੱਜੇ ਹੰਝੂ

ਆਪਣੀ ਜ਼ਿੰਦਗੀ ਤੋਂ ਦੁਖੀ, ਨਿਰਾਸ਼ ਤੇ ਪਤੀ ਦੀ ਮਾਰ ਤੋਂ ਪਿੱਛੋਂ ਆਇਆ ਗੁੱਸਾ, ਰੋਂਦੀ ਹੋਈ ਛੋਟੀ ਕੁੜੀ ਤੇ ਵਰ੍ਹ ਪੈਂਦਾ....“ਕਮਜ਼ਾਤ ਮਰਦੀ ਵੀ ਨਹੀਂ....ਮੈਂ ਤਾਂ ਰੋਵਾਂ, ਕਿਉਂ ਕਿ ਇਸ ਨਰਕ ਵਰਗੀ ਜ਼ਿੰਦਗੀ ਤੋਂ ਦੁਖੀ ਹਾਂ ਮੈਂ.....ਤੂੰ ਕਿਉਂ ਰੋਵੇਂ.....ਜੇ ਤੂੰ ਰੋਣਾ ਈ ਐ ਤਾਂ ਚੰਗੀ ਤਰ੍ਹਾਂ ਰੋ ਲੈ......।” ਇੱਕ, ਦੋ, ਤਿੰਨ ਮਾਸੂਮ ਦੀ ਕੋਮਲ ਗੱਲ੍ਹ ਤੇ ਤਾੜ੍ਹ ਤਾੜ੍ਹ ਜਾ ਵੱਜਦੀਆਂ....।

ਛੋਟੀ ਜਿਹੀ ਬਾਹਲੀ ਦੀ ਮਾਸੂਮ ਬੱਚੀ, ਮਾਂ ਦੀ ਮਾਰ ਕਾਰਨ ਹਟਕੋਰੇ ਲੈ ਲੈ ਰੋਂਦੀ, ਤੇ ਮਾਂ ਵੀ ਰੋਂਦੀ। ਕੁਝ ਪਲਾਂ ਪਿੱਛੋਂ ਮਾਂ ਦੀ ਮਮਤਾ ਛਲਕਦੀ ਤੇ ਉੱਠ ਕੇ ਮਾਸੂਮ ਨੂੰ ਚੁੱਕ ਹਿੱਕ  ਨਾਲ ਲਾ ਵਰਾਉਣ ਲੱਗ ਪੈਂਦੀ,“ਚੁੱਪ ਕਰ ਮੇਰੀ ਧੀ....ਜੇ ਤੂੰ ਵੀ ਨਾ ਹੁੰਦੀ ਤਾਂ ਸ਼ਾਇਦ ਮੈਂ ਕੁਝ ਖਚਾ ਕੇ ਹੀ ਮਰ ਜਾਣਾ ਸੀ.....।”

ਤੇ ਫਿਰ ਮਾਂ ਕਿੰਨਾਂ ਹੀ ਚਿਰ ਅੱਖਾਂ ’ਚੋਂ ਮਮਤਾ ਭਰੇ ਹੰਝੂ ਕੇਰਦੀ ਰਹਿੰਦੀ।

0000

## ਚੰਦਰਾ ਰੋਗ

ਉਸ ਨੇ ਦੇਖਿਆ ਕਿ ਇਕ ਮਾਰੂਤੀ ਵੈਨ ਖੜ੍ਹੀ ਹੈ ਅਤੇ ਉਸ ਕੋਲ ਕੋਈ ਨਹੀਂ ਤਾਂ ਉਸ ਨੇ ਪਲਾਸ ਅਤੇ ਪੇਚਕਸ ਕੱਢ ਆਪਣਾ ਕੰਮ ਸ਼ੁਰੂ ਕਰ ਦਿੱਤਾ। ਉਹ ਅਕਸਰ ਹੀ ਨਸ਼ੇ ਦੀ ਤੋਟ ਨੂੰ ਪੂਰਾ ਕਰਨ ਲਈ ਖੜ੍ਹੀਆਂ ਗੱਡੀਆਂ ਦੇ ਸ਼ੀਸ਼ੇ ਅਤੇ ਹੋਰ ਸਮਾਨ ਲਾਹ ਕੇ ਵੇਚ ਲੈਂਦਾ ਸੀ।

ਉਹ ਕਿਸੇ ਹੱਦ ਤੱਕ ਨਸ਼ਿਆਇਆ ਘਰ ਪਹੁੰਚਿਆ, ਘਰ ਉਸ ਦੇ ਨਾਨਕੇ ਪਿੰਡੋਂ ਵੱਡੇ ਮਾਮਾ ਜੀ ਆਏ ਹੋਏ ਸਨ।

"ਮਾ.....ਮਾ........ਜੀ.......ਪੈਰੀਂ ਪੈਨਾਂ।"

"ਉਹ.....ਹੋ.....ਕਿੱਦਾਂ ਹਾਲ ਭਾਣਜੇ.....।"

ਉਸਦੀ ਪਤਨੀ ਆਏ ਹੋਏ ਮਹਿਮਾਨਾਂ ਲਈ ਚਾਹ ਦਾ ਇੰਤਜ਼ਾਮ ਕਰ ਰਹੀ ਸੀ, "ਮੈਂ ਕਿਹਾ ਜੀ, ਕੁਝ ਪੈਸੇ ਤਾਂ ਦਿਓ, ਭੁਜੀਆ ਤੇ ਬਿਸਕੁੱਟ ਮੰਗਵਾਉਣੇ ਹਨ।"

"ਹੈ ਨਹੀਂ ਪੈਸੇ।" ਤੇ ਉਹ ਨਿਢਾਲ ਜਿਹਾ ਹੋ ਗਿਆ।

"ਨਸ਼ਾ ਪੂਰਾ ਕਰਨ ਨੂੰ ਹੈਗੇ ਆ....ਵੈਲੀ ਨੇ ਮੇਰਾ ਬਾਲਣ ਬਣਾ ਕੇ ਰੱਖਤਾ....ਮਰਜੇ ਵਿਚੋਲਾ......ਮੇਰੇ ਲਈ ਚੰਦ ਲੱਭਿਆ....ਪਤਾ ਨਹੀਂ ਕਿਹੜੇ ਜਨਮਾਂ ਦਾ ਵੈਰ ਲਿਆ।" ਉਹ ਗੁੱਸੇ ਵਿਚ ਅੱਗ ਉੱਗਲ ਗਈ।

"ਤੈਨੂੰ ਕੀ ਪਤਾ, ਇਸ ਚੰਦਰੇ ਨਸ਼ੇ ਦੀ ਖ਼ਾਤਿਰ ਮੈਨੂੰ ਕੀ ਕੀ ਕਰਨਾ ਪੈਂਦੇ.....।" ਤੇ ਉਹ ਫਿਰ ਲੁੜਕ ਗਿਆ।

oooo

## ਭਰੋਸੇ ਦਾ ਆਦਮੀ

ਰਤਨ ਦੀ ਆਈਸਕ੍ਰੀਮ ਫੈਕਟਰੀ ਚਾਲੂ ਹੋਣ ਵਾਲੀ ਸੀ। ਇੱਕ ਆਦਮੀ ਉਸ ਕੋਲ ਆਇਆ ਅਤੇ ਕਿਹਾ, "ਮੈਂ ਤੁਹਾਡੀ ਫ਼ੈਕਟਰੀ ਵਿਚ ਆਈਸ ਕ੍ਰੀਮ ਵੇਚਣ ਦਾ ਕੰਮ ਕਰਨਾ ਚਾਹੁੰਦਾ ਹਾਂ।"

"ਅਸੀਂ ਤਾਂ ਆਈਸ ਕ੍ਰੀਮ ਵੇਚਣ ਲਈ ਭਈਏ ਰੱਖਣੇ ਹਨ, ਹਾਂ ਇੱਕ ਸ਼ਰਤ ਤੇ ਤੈਨੂੰ ਰੱਖਵਾ ਸਕਦਾ ਹਾਂ, ਜੇ ਤੂੰ ਆਪਣੇ ਨਾਲ ਕੋਈ ਭਰੋਸੇ ਦਾ ਆਦਮੀ ਲੈ ਕੇ ਆਵੇਂ।" ਰਤਨ ਨੇ ਕਿਹਾ।

ਉਹ ਵਿਚਾਰਾ ਮੂੰਹ ਲਟਕਾ ਕੇ ਘਰ ਨੂੰ ਤੁਰ ਪਿਆ। ਫੈਕਟਰੀ ਤੋਂ ਘਰ ਤੱਕ ਉਸਦੇ ਕੰਨਾਂ ਵਿਚ ਇੱਕ ਆਵਾਜ਼ ਵਾਰ ਵਾਰ ਗੂੰਜਦੀ ਰਹੀ.....ਭਰੋਸੇ ਦਾ ਆਦਮੀ ਲਿਆਉ.......ਭਰੋਸੇ ਦਾ ਆਦਮੀ ਲਿਆਉ........।

0000

## ਸਿਆਣਪ

ਮੇਲੇ ਵਿਚ ਬਹੁਤ ਭੀੜ ਸੀ ਅਚਾਨਕ ਹੀ ਮੇਲੇ ਵਿਚ ਕੁਝ ਮੁੰਡਿਆਂ ਦੀ ਲੜਾਈ ਹੋਣ ਲੱਗ ਪਈ, ਉਹਨਾਂ ਨੇ ਸ਼ਰਾਬ ਪੀਤੀ ਹੋਈ ਸੀ। ਛੋਟਾ ਬੰਟੀ ਆਪਣੀ ਮੰਮੀ ਦੀ ਗੋਦੀ ਚੜ੍ਹਿਆ ਮੇਲਾ ਵੇਖ ਰਿਹਾ ਸੀ, ਅਚਾਨਕ ਹੀ ਬੋਲਿਆ, "ਮੰਮੀ! ਮੰਮੀ!! ਔਹ ਲੈ ਕੇ ਦੇਹ.....।"

"ਕੀ ਪੁੱਤਰਾ!" ਮੰਮੀ ਨੇ ਸਿਰ ਪਲੋਸਦਿਆਂ ਪੁੱਛਿਆ।

"ਔਹ ਮੰਮੀ....ਬਾਪੂ ਗਾਂਧੀ ਦੇ ਬਾਂਦਰ।"

ਜੋ ਕਿ ਲੱਕੜੀ ਦੇ ਬਣੇ ਹੋਏ ਸਨ ਜਿਨ੍ਹਾਂ ਵਿਚੋਂ ਇਕ ਨੇ ਆਪਣੇ ਮੂੰਹ ਤੇ ਹੱਥ ਰੱਖਿਆ ਹੋਇਆ, ਦੂਸਰੇ ਨੇ ਆਪਣੀਆਂ ਅੱਖਾਂ 'ਤੇ ਅਤੇ ਤੀਸਰੇ ਨੇ ਆਪਣੇ ਕੰਨਾਂ ਤੇ ਹੱਥ ਰੱਖਿਆ ਹੋਇਆ ਸੀ।

"ਬੇਟੇ, ਇਹ ਵੀ ਕੋਈ ਖਿਡੌਣਾ ਆਂ....ਹੋਰ ਕੋਈ ਖਿਡਾਉਣਾ ਲੈ ਲੈ, ਚੱਲ ਤੈਨੂੰ ਕਾਰ ਲੈ ਕੇ ਦਿੰਦੀ ਆਂ।"

"ਨਹੀਂ ਮੰਮੀ ਮੈਂ ਤਾਂ ਇਹੀ ਲਵਾਂਗਾ, ਮੈਂ ਵੀ ਵੱਡਾ ਹੋ ਕੇ ਚੰਗਾ ਬੱਚਾ ਬਣਾਂਗਾ, ਨਾ ਬੁਰਾ ਬੋਲਾਂਗਾ, ਨਾ ਬੁਰਾ ਦੇਖਾਂਗਾ, ਨਾ ਬੁਰਾ ਸੁਣਾਂਗਾ.....।"

ਆਪਣੇ ਨਿੱਕੇ ਜਿਹੇ ਪੁੱਤਰ ਦੇ ਮੂੰਹੋਂ ਐਡੀ ਵੱਡੀ ਗੱਲ ਸੁਣ ਕੇ ਮਾਂ ਗਦ ਗਦ ਹੋ ਉੱਠੀ।

0000

## ਮਗਰਮੱਛ

ਅਜੇ ਸਵੇਰਾ ਹੀ ਸੀ, ਉਸ ਨੇ ਸਫਾਈ ਕੀਤੀ, ਧੂਫ ਛਿੱਟਾ ਕੀਤਾ ਅਤੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ, ਕਮਾਈ 'ਚ ਬਰਕਤ ਪਾਈਂ ਅਤੇ ਚੰਗੇ ਗ੍ਰਾਹਕ ਭੇਜੀਂ।"

ਉਸੇ ਵੇਲੇ ਪੁਲਸ ਦਾ ਇੱਕ ਕਰਮਚਾਰੀ ਸਿਵਲ ਕੱਪੜਿਆਂ ਵਿਚ ਆਇਆ, "ਆਹ ਯਾਰ ਲਾਈਂ ਤਾਂ ਦੋ ਕੁ ਸਲਾਈਆਂ, ਮੇਰੀ ਡਿਊਟੀ ਵਾਲੀ ਪੱਗ ਦੀ ਪੱਟੀ ਉੱਧੜ ਗਈ , ਸਰਕਾਰੀ ਚੀਜ਼ਾਂ ਵੀ ਬੱਸ।"

ਉਸ ਨੇ ਧਾਗਾ ਚੜ੍ਹਾਇਆ ਤੇ ਸਲਾਈ ਲਾ ਕੇ ਉਸਦੀ ਪੱਗ ਦੀ ਉੱਧੜੀ ਹੋਈ ਪੱਟੀ ਨੂੰ ਠੀਕ ਕਰ ਦਿੱਤਾ।

"ਕਿੱਦਾਂ ਬਈ ਬੋਹਣੀ ਕਰ ਲਈ ਕਿ ਕਰਾ ਦਿਆਂ, ਉੱਦਾਂ ਮੈਂ ਇੱਥੇ ਚੌਂਕੀ ਦਾ ਨਵਾਂ ਇੰਚਾਰਜ ਲੱਗਿਆਂ।"

"ਰਹਿਣ ਦਿਉ ਜੀ, ਏਨੇ ਕੁ ਕੰਮ ਦੇ ਕੀ ਲੈਣੇਂ।" ਸ਼ਾਇਦ ਉਹ ਦਰਿਆ 'ਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਪਾਉਣਾ ਚਾਹੁੰਦਾ ਸੀ।

0000

## ਸਮਝ ਤੋਂ ਬਾਹਰ

"ਸਰਪੰਚ ਸਾਹਬ, ਮੇਰੀ ਸਮਝ 'ਚ ਇਹ ਗੱਲ ਨਹੀਂ ਆਈ, ਥੋੜਾ ਜਿਹਾ ਸਮਝਾ ਦਿਉ।"

"ਪੁੱਛ ਪੁੱਤਰਾ, ਅਸੀਂ ਗੱਲਾਂ ਸਮਝਾਉਣ ਖਾਤਿਰ ਹੀ ਤਾਂ ਪਿੰਡ ਦੇ ਸਰਪੰਚ ਬਣੇ ਹਾਂ।"

"ਦੇਖੋ, ਪੂਰਾ ਸਾਲ ਹੋ ਗਿਆ, ਪਿੰਡ ਦੀਆਂ ਗਲੀਆਂ ਨੂੰ ਪੱਟਿਆਂ ਹੋਇਆਂ...ਤੁਸੀਂ ਸੁੱਕੇ ਪੁੱਕੇ ਦਿਨਾਂ ਵਿਚ ਉਨ੍ਹਾਂ ਨੂੰ ਨਹੀਂ ਬਣਾਇਆ....ਪਰ ਆ ਜਿੱਦਣ ਦੀ ਬਰਸਾਤ ਸ਼ੁਰੂ ਹੋਈ ਆ, ਤੁਸੀਂ ਗਲੀਆਂ ਨਾਲੀਆਂ ਦਾ ਕੰਮ ਸ਼ੁਰੂ ਕਰਵਾ ਦਿੱਤਾ। ਗਲੀ ਬਣਦੀ ਮਗਰੋਂ ਆਂ ਤੇ ਮੀਂਹ ਦੇ ਪਾਣੀ ਨਾਲ ਰੁੜ੍ਹ ਪਹਿਲਾਂ ਜਾਂਦੀ ਆ......।"

ਮੇਰਾ ਇਹ ਸਵਾਲ ਸੁਣ ਕੇ ਸਰਪੰਚ ਹੁਣੀਂ ਪਲ ਕੁ ਭਰ ਲਈ ਤਾਂ ਬੁੱਤ ਬਣ ਗਏ, ਪਰ ਫਿਰ ਕੁਝ ਸ਼ਬਦ ਇਕੱਠੇ ਕਰਕੇ ਬੋਲੇ, "ਪੁੱਤਰਾ, ਇਹ ਗੱਲਾਂ ਅਜੇ ਤੇਰੀ ਸਮਝ ਤੋਂ ਬਾਹਰ ਦੀਆਂ ਨੇ.....ਇਹੀ ਤਾਂ ਦਿਨ ਹੁੰਦੇ ਆ ਜਦੋਂ ਸਰਪੰਚਾਂ ਨੇ......।"

oooo

## ਨਵੇਂ ਦਿਸਹੱਦੇ

ਉਸ ਦਾ ਵਿਆਹ ਹੋ ਗਿਆ, ਉਹ ਬੜਾ ਖੁਸ਼ ਸੀ, ਉਸ ਕੋਲੋਂ ਆਪਣੀ ਇਹ ਖੁਸ਼ੀ ਸੰਭਾਲੀ ਨਹੀਂ ਜਾ ਰਹੀ ਸੀ। ਮੇਰਾ ਉਹ ਬੜਾ ਗੂੜ੍ਹਾ ਮਿੱਤਰ ਸੀ, ਪਰ ਮੈਨੂੰ ਵੀ ਉਸਦੇ ਵਿਆਹ ਦੀ ਖ਼ਬਰ ਨਹੀਂ ਸੀ। ਇਕ ਦਿਨ ਮੈਨੂੰ ਰਸਤੇ ਵਿਚ ਮਿਲਿਆ ਤਾਂ ਮੈਂ ਉਸ ਨੂੰ ਵਿਅੰਗ 'ਚ ਕਿਹਾ, "ਯਾਰ ਬੜਾ ਚਲਾਕ ਨਿਕਲਿਆਂ, ਚੋਰੀ ਚੋਰੀ ਵਿਆਹ ਕਰਵਾ ਲਿਆ, ਪਾਰਟੀ ਦੇਣ ਦੇ ਮਾਰੇ ਨੇ ਗੱਲ ਵੀ ਨਾਂ ਕੀਤੀ, ਕਦੇ ਸਾਨੂੰ ਵੀ ਤਾਂ ਭਾਬੀ ਦੇ ਦਰਸ਼ਨ ਕਰ।"

"ਨਹੀਂ ਯਾਰ ਇੱਦਾਂ ਦੀ ਤਾਂ ਕੋਈ ਗੱਲ ਨਹੀਂ, ਤੂੰ ਆ ਜਾਵੀਂ ਘਰ ਨੂੰ, ਨਾਲੇ ਤੈਨੂੰ ਤੇਰੀ ਭਾਬੀ ਨਾਲ ਮਿਲਾ ਦੇਉਂ, ਨਾਲੇ ਪਾਰਟੀ ਵੀ ਹੋ ਜਾਊ।"

ਮੈਂ ਕੁਝ ਦਿਨਾਂ ਬਾਅਦ ਉਹਦੇ ਘਰ ਚਲਾ ਗਿਆ, ਜਦੋਂ ਉਸ ਨੇ ਮੈਨੂੰ ਆਪਣੀ ਘਰਵਾਲੀ ਨਾਲ ਮਿਲਾਇਆ ਤਾਂ ਮੇਰਾ ਮੂੰਹ ਅੱਡਿਆ ਹੀ ਰਹਿ ਗਿਆ ਕਿਉਂ ਕਿ ਦੋ ਮਹੀਨੇ ਪਹਿਲਾਂ ਉਹ ਕਿਸੇ ਹੋਰ ਨਾਲ......।"

੦੦੦੦

## ਵੱਡੀ ਕੀਮਤ

ਉਹ ਕਈ ਦਿਨਾਂ ਤੋਂ ਪਿੱਛੋਂ ਸ਼ਹਿਰ ਆਈ ਸੀ ਤੇ ਅੱਜ ਉਸ ਨੂੰ ਸਮਾਨ ਦੀ ਖਰੀਦੋ ਫਰੋਖਤ ਕਰਦਿਆਂ ਹਨ੍ਹੇਰਾ ਹੀ ਹੋ ਗਿਆ। ਉਹ ਹਫ਼ੀ ਹਫ਼ੀ ਕਾਹਲੇ ਕਦਮੀਂ ਬੱਸ ਸਟੈਂਡ 'ਤੇ ਆਈ, ਇਕ ਬੱਸ 'ਤੇ ਆਪਣੇ ਪਿੰਡ ਦਾ ਨਾਂ ਦੇਖ ਉਸ ਨੇ ਲੰਬਾ ਸਾਹ ਖਿੱਚਿਆ, "ਸ਼ੁਕਰ ਏ ਬੱਸ ਮਿਲ ਗਈ।" ਉਹ ਬੱਸ ਵਿਚ ਬੈਠ ਗਈ। "ਚਲੋ ਪਹੁੰਚ ਤਾਂ ਜਾਊਗੀ ਈ, ਜ਼ਰਾ ਹਨੇਰਾ ਹੋ ਜਾਊ, ਕਹਿ ਦਿਆਂਗੀ, ਸਮਾਨ ਬਾਹਲਾ ਸੀ ਤਾਂ ਹਨ੍ਹੇਰਾ ਹੋ ਗਿਆ।" ਉਸ ਨੇ ਗਲ ਮਨ ਹੀ ਮਨ ਵਿਚ ਪੱਕੀ ਕਰ ਲਈ। ਅੱਧੇ ਘੰਟੇ ਤੱਕ ਵੀ ਜਦੋਂ ਬੱਸ ਨਾ ਚੱਲੀ ਤੇ ਨਾ ਹੀ ਕੋਈ ਹੋਰ ਸਵਾਰੀ ਆਈ, ਤਾਂ ਉਹ ਹੋਰ ਵੀ ਫ਼ਿਕਰਮੰਦ ਹੋ ਗਈ, ਜਿਉਂ ਜਿਉਂ ਹਨੇਰਾ ਵਧ ਰਿਹਾ ਸੀ ਤੇ ਉਸ ਦਾ ਆਪਾ ਉਸ ਨੂੰ ਕਹਿ ਰਿਹਾ ਸੀ, "ਕੀ ਲੋੜ ਸੀ, ਇੰਨਾ ਹਨ੍ਹੇਰਾ ਕਰਨ ਦੀ।"

ਅਚਾਨਕ ਡਰਾਇਵਰ ਨੂੰ ਬੱਸ ਵੱਲ ਆਉਂਦਿਆਂ ਦੇਖ ਉਸ ਨੂੰ ਕੁਝ ਆਸ ਹੋਈ ਪਰ ਸਾਥੀ ਸਵਾਰੀ ਨਾ ਹੋਣ ਕਾਰਨ ਉਹ ਘਬਰਾ ਵੀ ਰਹੀ ਸੀ। "ਵੀਰ ਜੀ, ਬੱਸ ਹਰੀਪੁਰ ਜਾਊਗੀ।" ਉਸਦੀ ਆਵਾਜ਼ ਸੁਣ ਡਰਾਇਵਰ ਨੇ ਉਸ ਨੂੰ ਉੱਪਰ ਤੋਂ ਥੱਲੇ ਤੱਕ ਤਾੜਿਆ।

"ਦੇਖ ਬਈ ਉੱਦਾਂ ਤਾਂ ਹੁਣ ਕੋਈ ਟੈਮ ਨਹੀਂ ਹੈਗਾ, ਨਾਲੇ ਸਵਾਰੀ ਵੀ ਹੈਂ ਨੀਂ, ਫਿਰ ਵੀ ਜੇ ਤੂੰ ਕਹੇਂ ਤਾਂ ਲੈ ਚਲਦੇ ਆਂ, ਬੱਸ ਆਪਣੇ ਘਰ ਦੀ ਤਾਂ ਹੈ।" ਡਰਾਇਵਰ ਨੇ ਟਿੱਚਰ ਨਾਲ ਕਿਹਾ।

"ਵੀਰ ਜੀ, ਜੇ ਲੈ ਚਲੋ, ਤਾਂ ਬੜੀ ਮਿਹਰਬਾਨੀ ਹੋਵੇਗੀ।" ਉਸ ਦੇ ਬੋਲਾਂ ਵਿਚ ਤਰਲਾ ਸੀ।

"ਕੋਈ ਨੀ ਤੂੰ ਬੈਠ ਮੈਂ ਕੰਡਕਟਰ ਨੂੰ ਲੈ ਕੇ ਆਇਆ, ਦੋਵਾਂ ਨੇ ਕੁਝ ਖੁਸਰ ਫੁਸਰ ਕੀਤੀ ਅਤੇ ਬੱਸ ਤੋਰ ਲਈ। ਸ਼ਹਿਰ ਤੋਂ ਬਾਹਰ ਉਜਾੜ ਜਿਹੇ ਵਿਚ ਬੱਸ ਇਕ ਝਟਕੇ ਨਾਲ ਰੁਕ ਗਈ।

"ਕੀ ਗੱਲ ਹੋਈ ?" ਉਹ ਸਹਿਮੀ ਆਵਾਜ਼ ਵਿਚ ਬੋਲੀ।

ਕੰਡਕਟਰ ਉਸ ਦੇ ਬਿਲਕੁਲ ਹੀ ਨਜ਼ਦੀਕ ਆ ਕੇ ਬੈਠ ਗਿਆ, "ਇਹ ਨੀ ਜਾਣੀਂ, ਗਰਮ ਹੋ ਗਈ ਲੱਗਦੀ ਆ....।"

"ਫਿਰ ਹੁਣ ਮੈਂ ਕਿੱਦਾਂ ਜਾਊਗੀ, ਮੈਂ ਤਾਂ ਨਾ ਹੁਣ ਘਰ ਦੀ ਰਹੀ, ਤੇ ਨਾ ਘਾਟ ਦੀ।" ਉਹ ਮਾਸੂਮ ਘੁੱਗੀ ਦੀ ਤਰ੍ਹਾਂ ਸਹਿਮ ਗਈ।

ਪਹਿਲਾਂ ਇਸ ਨੂੰ ਠੰਡੀ ਤਾਂ ਕਰ ਤੇਰੀ ਖ਼ਾਤਿਰ ਹੀ ਤਾਂ ਲੈ ਕੇ ਆਏ ਹਾਂ.....।" ਤੇ ਫਿਰ ਉਹਨਾਂ ਨੇ ਉਸ ਨਾਲ ਜ਼ਬਰਦਸਤੀ....ਦੋ ਘੰਟੇ ਬਾਅਦ ਉਹ ਪਿੰਡ ਪਹੁੰਚ ਗਈ, ਪਰ ਅੱਜ ਉਸ ਨੂੰ ਘਰ ਪਹੁੰਚਣ ਦੀ ਬਹੁਤ ਵੱਡੀ ਕੀਮਤ ਚਕਾਉਣੀ ਪਈ ਸੀ।

0000

## ਪਿਆਰ ਬਨਾਮ ਪੈਸਾ

ਕਿਸੇ ਸਮੇਂ ਉਹ ਬੜਾ ਅਮੀਰ ਸੀ, ਉਸ ਦੇ ਪਿੱਛੇ ਬਹੁਤ ਸਾਰੇ ਦੋਸਤ ਮਿੱਤਰ ਹੁੰਦੇ, ਉਸ ਨੇ ਕਦੇ ਵੀ ਕਿਸੇ ਚੀਜ਼ ਤੋਂ ਇਨਕਾਰ ਨਹੀਂ ਕੀਤਾ ਸੀ। ਕਿਸੇ ਨੇ ਸਾਈਕਲ ਮੰਗਿਆ, ਦੇ ਦਿੱਤਾ, ਕਿਸੇ ਨੇ ਰੁਪੈ ਮੰਗੇ, ਤਾਂ ਦੇ ਦਿੱਤੇ। ਸਭ ਦੋਸਤ ਉਸ ਨੂੰ ਬੜਾ ਚੰਗਾ ਸਮਝਦੇ ਸਨ, ਗੱਲਾਂ ਗੱਲਾਂ ਵਿਚ ਕਹਿੰਦੇ, ਅਸੀਂ ਤਾਂ ਤੇਰੇ ਲਈ ਜਾਨ ਵੀ ਦੇ ਸਕਦੇ ਹਾਂ, ਤੂੰ ਗੱਲ ਤਾਂ ਕਰ।

ਸਭ ਰਲ ਮਿਲ ਕੇ ਉਸ ਦਾ ਪੈਸਾ ਖਾਂਦੇ ਰਹੇ, ਉਸ ਦਾ ਮਾੜਾ ਵਕਤ ਸ਼ੁਰੂ ਹੋ ਗਿਆ, ਅਤੇ ਉਹ ਗਰੀਬ ਹੋ ਗਿਆ। ਉਹ ਆਪਣੇ ਦੋਸਤਾਂ ਤੇ ਬੜਾ ਮਾਣ ਕਰਦਾ ਸੀ। ਇਕ ਦਿਨ ਉਸ ਨੇ ਆਪਣੀ ਮਜ਼ਬੂਰੀ ਆਪਣੇ ਦੋਸਤਾਂ ਨੂੰ ਦੱਸ, ਕਿਸੇ ਚੀਜ਼ ਦੀ ਮੰਗ ਕੀਤੀ। ਸਭ ਦੋਸਤ ਉਸ ਤੋਂ ਨਜ਼ਰ ਚਰਾਉਣ ਲੱਗੇ, ਉਸ ਨੂੰ ਕਿਸੇ ਨੇ ਕੋਈ ਚੀਜ਼ ਨਾ ਦਿੱਤੀ। ਹੁਣ ਸਭ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ। ਉਸ ਦੇ ਸਾਹਮਣੇ ਨਹੀਂ ਆਉਂਦੇ ਸਨ ਤਾਂ ਕਿ ਉਹ ਕਿਤੇ ਉਸ ਤੋਂ ਕੁਝ ਮੰਗ ਨਾ ਲਵੇ। ਅੱਜ ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹਨਾਂ ਦੀ ਦੋਸਤੀ ਤਾਂ ਸਿਰਫ ਪੈਸੇ ਨਾਲ ਸੀ।

oooo

## ਮਤਰੇਆ

ਸਿਆਲ ਦੇ ਦਿਨ, ਸਰਦੀ ਪੂਰੇ ਜ਼ੋਰ 'ਤੇ ਸੀ। ਮੈਂ ਹਰ ਸਵੇਰ ਉਹਨਾਂ ਦੇ ਘਰ ਅੰਗ੍ਰੇਜ਼ੀ ਦੀ ਅਖ਼ਬਾਰ ਦੇਣ ਜਾਂਦਾ ਸੀ। ਉਸ ਛੋਟੇ ਜਿਹੇ, ਪਿਆਰੇ ਜਿਹੇ ਬੱਚੇਨੂੰ ਰੋਜ਼ਾਨਾ ਕਦੇ ਝਾੜੂ ਦਿੰਦਿਆਂ, ਕਦੇ ਪੋਚਾ ਫੇਰਦਿਆਂ ਦੇਖ, ਮੇਰੇ ਮਨ ਵਿਚ ਅਨੇਕਾਂ ਸਵਾਲ ਉਠਦੇ।

ਉਸਦੀ ਤਾਂ ਅਜੇ ਖੇਡਣ ਦੀ ਉਮਰ ਐ, ਉਸ ਨੂੰ ਇਂਨਾ ਕੰਮ ਕਰਨ ਦੀ ਕੀ ਲੋੜ ਹੈ ?" ਤੇ ਅੱਜ ਵੀ....ਉਹ ਰੋਜ਼ਾਨਾ ਦੀ ਤਰ੍ਹਾਂ ਠੰਡੇ ਪਾਣੀ ਦੀ ਬਾਲਟੀ ਵਿਚ ਭਿਉਂ ਕੇ ਪੋਚਾ ਫੇਰ ਰਿਹਾ ਸੀ। ਉਸ ਦੇ ਹੱਥ ਠੰਡ ਨਾਲ ਕੰਬ ਰਹੇ ਸਨ, ਤੇ ਨਾਲ ਹੀ ਉਹ ਕਦੇ ਕਦੇ ਹਾਉਕਾ ਜਿਹਾ ਲੈ ਕੇ ਰੋਣ ਲੱਗ ਪੈਂਦਾ। ਮੈਂ ਉਸ ਨੂੰ ਕਿੰਨਾ ਈ ਚਿਰ ਵੇਖਦਾ ਰਿਹਾ.....ਮੇਰੇ ਪੈਰ ਜਿਵੇਂ ਬੱਝ ਗਏ.....ਤੇ ਫਿਰ ਮੈਂ ਸੱਚ ਮੁੱਚ ਭਾਵੁਕ ਹੋ ਗਿਆ। ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ ਤੇ ਪੁੱਛਿਆ, "ਤੈਨੂੰ ਠੰਡ ਨਹੀਂ ਲੱਗਦੀ.....ਜੇ ਬਿਮਾਰ ਹੋ ਗਿਆ, ਦੇਖ ਠੰਡ ਨਾਲ ਕਿਵੇਂ ਕੰਬ ਰਿਹਾ ਏਂ, ਨਾਲੇ ਰੋਂਦਾ ਕਾਹਤੋਂ ਐ.....?"

ਉਹ ਲੰਬਾ ਜਿਹਾ ਹਾਉਕਾ ਲੈ, ਆਪਣੀ ਕੰਬਦੀ ਆਵਾਜ਼ ਵਿਚ ਬੋਲਿਆ, "ਲੱਗਦੀ ਆ...ਮੈਨੂੰ ਬਹੁਤ ਠੰਡ ਲੱਗਦੀ ਆ.....ਪਰ ਨਵੀਂ ਮਾਂ ਕਹਿੰਦੀ ਆ....ਪਹਿਲਾ ਕੰਮ ਕਰ ਫਿਰ ਰੋਟੀ ਮਿਲੂਗੀ......।" ਤੇ ਉਹ ਫਿਰ ਡੁਸਕਣ ਲੱਗਾ।

0000

## ਸੁਭਾਅ

ਉਹਨਾਂ ਦੇ ਘਰ ਜਦ ਵੀ ਝਗੜਾ ਹੁੰਦਾ, ਤਾਂ ਪੁੱਤ ਕਹਿੰਦਾ, "ਬਾਪੂ ਨੂੰ ਬੋਲਣਾ ਨਹੀਂ ਆਉਂਦਾ, ਇਹ ਹਰ ਗੱਲ ਨਾਲ ਗਾਲ੍ਹਾਂ ਕੱਢਦਾ ਰਹਿੰਦਾ ਹੈ।"

ਪਰ ਬਾਪ ਕਹਿੰਦਾ, "ਇਹ ਸਾਲਾ ਕਿਸੇ ਕਾਰੀ ਦਾ ਨਹੀਂ, ਨਾ ਕੋਈ ਧੰਦਾ ਕਰਦਾ, ਨਾ ਕੋਈ ਪੈਸਾ ਲਿਆ ਕੇ ਘਰ ਦਿੰਦਾ, ਵਿਹਲਾ ਅੰਨ ਦਾ ਦੁਸ਼ਮਣ ਬਣਿਆ ਹੋਇਆ।"

ਆਂਢ ਗੁਆਂਢ ਹਮੇਸ਼ਾਂ ਮੁੰਡੇ ਨੂੰ ਹੀ ਸਮਝਾਉਂਦੇ ਕਿ ਮੁੰਡਿਆ ਤੇਰੇ ਪਿਉ ਦਾ ਸੁਭਾਅ ਹੀ ਅੜਬ ਹੈ, ਤੂੰ ਇਸ ਦਾ ਸੁਭਾਅ ਪਾ ਲੈ, ਤੇ ਮੋਹਰੇ ਨਾ ਬੋਲਿਆ ਕਰ।

ਤੇ ਸੱਚੀਂ ਫਿਰ ਮੁੰਡੇ ਨੇ ਸੁਭਾਅ ਪਾ ਲਿਆ....ਤੇ ਹੁਣ ਉਹਨਾਂ ਦੇ ਘਰ ਕਦੇ ਵੀ ਝਗੜਾ ਨਹੀਂ ਹੁੰਦਾ।

0000

## ਇਨਸਾਨੀਅਤ

ਉਸ ਇਨਸਾਨ ਦੀ ਲਾਸ਼ ਸਾਰੀ ਰਾਤ ਠੰਢ ਵਿਚ ਪਈ ਆਕੜ ਗਈ। ਅਨੇਕਾਂ ਜਾਗਦੇ ਜਿਉਂਦੇ ਇਨਸਾਨ ਦਿਨ ਚੜ੍ਹਦਿਆਂ ਉਸ ਦੀ ਲਾਸ਼ ਤੋਂ ਪਰ੍ਹੇ ਹੋ ਕੇ ਲੰਘ ਗਏ, ਕਿਸੇ ਨੇ ਇਹ ਨਾ ਦੇਖਿਆ ਕਿ ਉਹ ਕੌਣ ਹੈ? ਉਸ ਨੂੰ ਕੀ ਹੋਇਆ?

ਸ਼ਾਇਦ ਸਭ ਡਰਦੇ ਸਨ ਕਿ ਕਿਤੇ ਲਾਸ਼ ਕੋਲ ਖੜ੍ਹੇ ਹੋਣ ਕਾਰਨ, ਉਹਨਾਂ ਤੇ ਕੋਈ ਕੇਸ ਨਾ ਪੈ ਜਾਵੇ। ਪੂਰੇ ਬਾਰਾਂ ਘੰਟਿਆਂ ਬਾਅਦ ਪਤਾ ਲੱਗਾ ਕਿ ਇਹ ਤਾਂ ਬਿੱਕਰ ਹੁਣਾਂ ਦਾ ਮੁੰਡਾ ਸੀ, ਜਿਸ ਨੂੰ ਅਜੇ ਕੁਝ ਹੀ ਦਿਨ ਹੋਏ 'ਅਮਰੀਕਾ' ਤੋਂ ਆਇਆ ਨੂੰ।

"ਹੈਂਅ....ਉਹ ਸੀ.....ਬੜਾ ਮਾੜਾ ਹੋਇਆ, ਸਾਰੇ ਟੱਬਰ 'ਚੋ ਸਭ ਤੋਂ ਚੰਗਾ ਸੀ।" ਸਭ ਉਹਨਾਂ ਦੇ ਘਰ ਵੱਲ ਅਫਸੋਸ ਕਰਨ ਜਾ ਰਹੇ ਸਨ, ਇਨਸਾਨੀਅਤ ਦੇ ਨਾਤੇ।

0000

## ਮਾਂ ਦਾ ਪਿਆਰ

ਉਸਦੇ ਵਾਲ ਖਿੱਲਰੇ ਅਤੇ ਉਲਝੇ ਹੋਏ, ਚਿਹਰੇ ਤੇ ਖਾਮੋਸ਼ੀ ਅਤੇ ਅੱਖਾਂ ਵਿਚ ਇੱਕ ਆਸ.....। ਕਦੇ ਕਦੇ ਉਹ ਆਪਣੇ ਆਪ ਨੂੰ ਬੁਰਾ ਭਲਾ ਬੋਲਣ ਲੱਗ ਪੈਂਦੀ, "ਵੇ ਪੁੱਤਾ ਤੂੰ ਮੇਰੀ ਗੱਲ ਤੁਰ ਗਿਉਂ, ਕਿਸ ਦੇ ਸਹਾਰੇ ਛੱਡ ਗਿਆ ਬੁੱਢੀ ਮਾਂ ਨੂੰ...। ਵੇ ਪੁੱਤਾ ਐਨੇ ਸਾਲਾਂ ਵਿਚ ਤੈਨੂੰ ਆਪਣੀ ਮਾਂ ਦਾ ਖ਼ਿਆਲ ਵੀ ਨਾ ਆਇਆ...ਮੈਨੂੰ ਵੀ ਤੱਤੜੀ ਨੂੰ ਕੀ ਪਤਾ ਕਿ ਤੂੰ ਕਿਹੜੇ ਹਾਲ ਵਿਚ ਹੋਵੇਗਾ......ਪੁੱਤਾ ਹੁਣ ਤਾਂ ਅੱਖਾਂ ਵੀ ਪਥਰਾ ਗਈਆਂ......ਮੇਰੇ ਤਾਂ ਪ੍ਰਾਣ ਵੀ ਨਹੀਂ ਨਿਕਲਦੇ......।"

ਉਹ ਆਪਣੇ ਆਪ ਨਾਲ ਗੱਲਾਂ ਕਰ ਰਹੀ ਸੀ ਕਿ ਅਚਾਨਕ ਦਰਵਾਜ਼ਾ ਖੜਕਿਆ,.....ਕੌਣ? ਉਹ ਆਪਣੇ ਅੱਥਰੂਆਂ ਨੂੰ ਪੂੰਝਦੀ ਹੋਈ ਬੋਲੀ।

"ਮਾਂ.....ਮੈਂ.....ਮੈਂ ਤੇਰਾ ਹੇਮੰਤ.......ਤੇਰਾ ਹੇਮਾ।"

"ਹੈਂਅ.....ਤੂੰ ਆ ਗਿਆ ਪੁੱਤ......ਹੇ ਪ੍ਰਮਾਤਮਾ ਤੇਰਾ ਲੱਖ ਲੱਖ ਸ਼ੁਕਰ ਆ ਕਿ ਮੇਰਾ ਪੁੱਤ ਆ ਗਿਆ। ਪੁੱਤ ਆ ਖਾਂ.....ਮੇਰਾ ਪੁੱਤ ਉਰੇ ਆ ਜਾਵੇ....ਮਾਂ ਤੈਨੂੰ ਗਲ ਨਾਲ ਲਾ ਲਵੇ। ਪੁੱਤਾ ਮਾਵਾਂ ਤੋਂ ਰੁੱਸਕੇ ਐਨਾ ਦੂਰ ਨੀ ਰਹੀਦਾ, ਪੁੱਤਾ ਮੇਰੇ ਤਾਂ ਆਹ ਦੀਦੇ ਪੱਕ ਗਏ ਤੇਰਾ ਰਾਹ ਦੇਖਦਿਆਂ.....ਤੇ ਤੂੰ ਹੁਣ ਬਹੁੜਿਆਂ ਜਦ ਮੇਰੇ ਨੈਣ ਪ੍ਰਾਣ ਮੁੱਕ ਚੱਲੇ ਨੇ......।"

"ਨਾ ਮਾਂ ਨਾ......ਇਸ ਤਰ੍ਹਾਂ ਨਾ ਕਹਿ, ਮੈਂ ਤੈਨੂੰ ਮੁੱਕਣ ਨਹੀਂ ਦੇਣਾ, ਮੈਂ ਹੁਣ ਆ ਗਿਆਂ.....ਮੈਂ ਕਰਾਊਂਗਾ ਤੇਰਾ ਇਲਾਜ....ਮੈਂ ਸਾਰੀ ਦੁਨੀਆਂ ਘੁੰਮ ਕੇ ਵੇਖ ਲਈ ਪਰ ਇਕ ਤੇਰੇ ਬਿਨਾਂ ਮੇਰਾ ਕਿਸੇ ਨੇ ਇੰਤਜ਼ਾਰ ਨਹੀਂ ਕੀਤਾ.....ਮਾਂ ਇਹ ਦੁਨੀਆਂ ਸਾਰੀ ਮਤਲਬ ਦੀ ਆ......। ਤੇਰੇ ਹਾਲ ਨੂੰ ਕੀ ਹੋਇਆ, ਉਹ ਬਣ ਸੰਵਰ ਕੇ ਰਹਿਣਾ ਕਿੱਥੇ ਗਿਆ.....।"

"ਵੇ ਪੁੱਤਰਾ ਤੂੰ ਹੀ ਤਾਂ ਸੀ ਮੇਰਾ, ਜਿਸ ਨਾਲ ਮੇਰੀਆਂ ਖੁਸ਼ੀਆਂ ਵੱਸਦੀਆਂ ਸਨ, ਤੇਰੇ ਨਾਲ ਹੀ ਤਾਂ ਮੇਰਾ ਜਹਾਨ ਵੱਸਦਾ ਸੀ, ਤੇਰੇ ਬਾਪੂ ਦੀ ਮੌਤ ਤੋਂ ਬਾਅਦ ਤੂੰ ਹੀ ਤਾਂ ਸੀ ਮੇਰਾ ਇਕ ਸਹਾਰਾ....ਤੇ ਜਦ ਤੂੰ ਹੀ ਮੈਨੂੰ ਛੱਡ ਕੇ ਕਿਤੇ ਦੂਰ ਚਲਾ ਗਿਆ ਤਾਂ ਮੈਂ ਕਿਸ ਦੇ ਲਈ ਬਣਨਾ ਸਵਰਨਾ ਸੀ। ਪੁੱਤਾਂ ਮੈਂ ਤੇ ਲੋਕਾਂ ਦੀਆਂ ਗੱਲਾਂ ਨੇ ਖਾ ਲਈ। ਇਹ ਲੋਕ ਤਾਂ ਪੁੱਤਾਂ ਕਿਸੇ ਤਰ੍ਹਾਂ ਵੀ ਜੀਣ ਨਹੀਂ ਦਿੰਦੇ। ਆਖਦੇ ਸੀ ਅਖੇ ਪੁੱਤ ਨੂੰ ਵੀ ਨਾ ਸੰਭਾਲ ਸਕੀ, ਬੁੱਢੀ ਉਮਰੇ ਠੇਡਾ ਮਾਰ ਗਿਆ। ਪੁੱਤਾ ਤੂੰ ਮੈਨੂੰ ਕਿਉਂ ਛੱਡ ਗਿਆ ਸੀ, ਮਾਵਾਂ ਤਾਂ ਪੁੱਤਾਂ ਨੂੰ ਝਿੜਕਦੀਆਂ ਹੀ ਹੁੰਦੀਆਂ ਨੇ, ਜੇ ਮਾਂ ਝਿੜਕੇ ਹੀ ਨਾ ਤਾਂ ਫਿਰ ਪੁੱਤਰ ਨੂੰ ਪਿਆਰ ਦਾ ਅਹਿਸਾਸ ਕਿਵੇਂ ਹੋਵੇ। ਤੈਨੂੰ ਮੇਰੀ ਸੌਂਹ ਲੱਗੇ, ਜੇ ਤੂੰ ਹੁਣ ਆਪਣੀ ਮਾਂ ਨੂੰ ਛੱਡਕੇ ਜਾਵੇ।"

"ਨਹੀਂ ਮਾਂ, ਤੂੰ ਮੈਨੂੰ ਝਿੜਕਿਆ ਸੀ, ਤੇਰਾ ਤਾਂ ਹੱਕ ਸੀ ਝਿੜਕਣਾ, ਮੈਂ ਹੀ ਅਣਭੋਲ ਸਮਝ ਨਹੀਂ ਸਕਿਆ। ਤੇਰੇ ਲਾਡ ਪਿਆਰ ਨੇ ਤਾਂ ਮੈਨੂੰ ਨਿਕੰਮਾ ਬਣਾ ਦਿੱਤਾ

ਸੀ, ਤੇਰੀ ਝਿੜਕ ਨੇ ਹੀ ਤਾਂ ਮੈਨੂੰ ਮੁੜ ਕੇ ਇਨਸਾਨ ਬਣਨ ਦਾ ਮੌਕਾ ਦਿੱਤਾ। ਮਾਂ ਇੱਥੋਂ ਜਾ ਕੇ ਮੈਨੂੰ ਪਤਾ ਲੱਗਾ ਕਿ ਮਾਂ ਦਾ ਪਿਆਰ ਕੀ ਹੁੰਦਾ ਹੈ, ਤੂੰ ਮੈਨੂੰ ਹਰ ਠੋਕਰ ਤੇ ਚੇਤੇ ਆਉਂਦੀ ਸੀ ਮਾਂ......ਪਰ ਕੀ ਕਰਦਾ ਮੈਂ ਕਸਮ ਖਾਧੀ ਸੀ ਕਿ ਤੇਰੇ ਅੱਗੇ ਉਦੋਂ ਹੀ ਜਾਵਾਂਗਾ ਜਦ ਮੈਂ ਇਸ ਕਾਬਲ ਹੋ ਗਿਆ, ਮੈਂ ਸਭ ਬੁਰੇ ਕੰਮ ਛੱਡ ਦਿੱਤੇ....ਹੁਣ ਮੈਂ ਤੈਨੂੰ ਕਦੇ ਉਲਾਂਭਾ ਨਹੀਂ ਦੁਆਵਾਂਗਾ। ਮੈਂ ਆਪਣਾ ਕਾਰੋਬਾਰ ਕਰਾਂਗਾ ਮਾਂ, ਤੂੰ ਮੈਨੂੰ ਮਾਫ ਕਰ ਦੇਹ।"

ਮਾਂ ਪੁੱਤ ਆਪਣੀਆਂ ਗੱਲਾਂ ਵਿਚ ਇਸ ਤਰ੍ਹਾਂ ਉਲਝ ਗਏ, ਜਿਵੇਂ ਉਹਨਾਂ ਨੂੰ ਕੋਈ ਸੁਧ ਬੁਧ ਹੀ ਨਾ ਰਹੀ। ਮਾਂ ਤਾਂ ਜਿਵੇਂ ਆਪਣਾ ਸਾਰਾ ਹੀ ਦੁੱਖ ਭੁੱਲ ਗਈ, ਪੁੱਤਰ ਨੂੰ ਦੇਖ ਉਸ ਦੀਆਂ ਅੱਖਾਂ ਵਿਚ ਚਮਕ ਆ ਗਈ, ਉਸ ਦੇ ਮੁਰਝਾਏ ਚਿਹਰੇ ਤੇ ਨੂਰ ਪਰਤ ਆਇਆ, ਉਹ ਜਿਵੇਂ ਕਈ ਸਾਲ ਪਿੱਛੇ ਪਰਤ ਗਈ ਹੋਵੇ। ਉਸ ਨੂੰ ਆਪਣਾ ਪੁਰਾਣਾ ਰੂਪ ਰੰਗ ਦਿਸਣ ਲੱਗਾ, ਤੇ ਪੁੱਤ ਦਾ ਉਹੀ ਗੋਭਲਾ ਜਿਹਾ, ਮਾਸੂਮ ਜਿਹਾ ਚਿਹਰਾ, ਉਸ ਦੀਆਂ ਅੱਖਾਂ ਵਿਚ ਘੁੰਮਣ ਲੱਗਾ, ਉਹ ਅਤੀਤ ਦੀਆਂ ਯਾਦਾਂ ਵਿਚ ਗੁੰਮ ਹੋ ਗਈ।

"ਮਾਂ!" ਅਚਾਨਕ ਉਸ ਦਾ ਖ਼ਿਆਲ ਭੰਗ ਹੋਇਆ। "ਹਾਂ ਮੇਰਾ ਪੁੱਤਰ, ਤੈਂ ਕੁਝ ਕਿਹਾ।"

"ਮਾਂ, ਪਾਣੀ ਦਾ ਘੁੱਟ ਤਾਂ ਪਿਲਾ ਦੇ......ਇੰਨੀਆਂ ਗੱਲਾਂ ਕਰਕੇ ਤਾਂ ਤੈਨੂੰ ਵੀ ਪਿਆਸ ਲੱਗ ਗਈ ਹੋਣੀ ਆਂ, ਤੂੰ ਵੀ ਪਾਣੀ ਪੀ......।"

"ਹਾਂ......ਹਾਂ.....ਪੁੱਤ.......ਪਾਣੀ.....। ਮੈਂ ਵੀ ਕਮਲੀ ਆਪਣੇ ਰੋਣੇ ਲੈ ਬੈਠੀ, ਪਰ ਇੱਕ ਗੱਲ ਐ ਪੁੱਤ.....ਪਿਛਲੇ ਕਈ ਸਾਲਾਂ ਦੀ ਮੇਰੀ ਪਿਆਸ ਤਾਂ ਅੱਜ ਤੈਨੂੰ ਦੇਖਕੇ ਹੀ ਬੁਝੀ ਆ।"

0000

## ਭੁੱਖ

ਉਸ ਦੇ ਫਟੇ ਪੁਰਾਣੇ ਤੇ ਮੈਲੇ ਕੁਚੈਲੇ ਕੱਪੜੇ ਦੇਖ ਉਸ ਨੂੰ ਕਿਤੇ ਵੀ ਨੌਕਰੀ ਨਹੀਂ ਮਿਲੀ। ਉਸ ਦੀ ਜੇਬ ਵਿਚ ਇਕ ਵੀ ਪੈਸਾ ਨਹੀਂ ਸੀ ਤੇ ਉਸਨੇ ਪਿਛਲੇ ਤਿੰਨ ਚਾਰ ਦਿਨਾਂ ਤੋਂ ਕੁਝ ਵੀ ਨਹੀਂ ਸੀ ਖਾਧਾ।

ਉਹ ਹੋਟਲ ਦੇ ਬਾਹਰ ਕਿਸੇ ਆਸ ਨਾਲ ਖੜਾ ਸੀ, ਪਰ ਕਿਸੇ ਨੇ ਵੀ ਉਸ ਤੇ ਤਰਸ ਕਰਕੇ ਉਸ ਨੂੰ ਰੋਟੀ ਨਾ ਖੁਆਈ। ਅਚਾਨਕ ਹੋਟਲ ਦੇ ਮਾਲਕ ਨੇ ਇਕ ਸੁੱਕੀ ਜਿਹੀ ਰੋਟੀ ਬਾਹਰ ਖੜੇ ਕੁੱਤੇ ਅੱਗੇ ਸੁੱਟੀ। ਇਸ ਤੋਂ ਪਹਿਲਾਂ ਕਿ ਕੁੱਤਾ ਉਸ ਰੋਟੀ ਨੂੰ ਚੁੱਕਦਾ ਉਸ ਨੇ ਕੁੱਤੇ ਨੂੰ ਸ਼ਿਸ਼ਕੇਰ ਕੇ ਉਹ ਰੋਟੀ ਆਪ ਚੁੱਕ ਲਈ।

ਉਹ ਹੋਟਲ ਦਾ ਮਾਲਕ ਉਸ ਨੂੰ ਮੂੰਹ ਅੱਡੀ ਦੇਖਦਾ ਹੀ ਰਹਿ ਗਿਆ।

oooo

## ਤਰੱਕੀ

ਪਿੰਡ ਦੇ ਗੁਰਦੁਵਾਰੇ ਵਿਚ ਰੌਲਾ ਪੈ ਰਿਹਾ ਸੀ, ਬਹਿਸ ਦੀਆਂ ਆਵਾਜ਼ਾਂ ਆ ਰਹੀਆਂ ਸਨ, ਜਿਵੇਂ ਕੋਈ ਲੜਾਈ ਝਗੜਾ ਹੋ ਰਿਹਾ ਹੋਵੇ। ਪਿੰਡੇ ਦੇ ਲੋਕ ਗੁਰਦੁਵਾਰੇ ਵੱਲ ਭੱਜੇ ਜਾ ਰਹੇ ਸਨ। ਗੁਰਦੁਵਾਰੇ ਦੇ ਅੰਦਰ ਅਤੇ ਬਾਹਰ ਬਹੁ ਗਿਣਤੀ ਲੋਕਾਂ ਦਾ ਇਕੱਠ ਸੀ। ਲੋਕ ਮੂੰਹ ਜੋੜ ਜੋੜ ਗੱਲਾਂ ਕਰ ਰਹੇ ਸਨ। ਇਸ ਸਾਰੇ ਰੌਲੇ ਰੱਪੇ ਦਾ ਕਾਰਨ ਸੀ ਗੁਰਦੁਵਾਰੇ ਦੀ ਕਮੇਟੀ। ਪਿੰਡੇ ਦੇ ਕੁਝ ਨੌਜਵਾਨ ਕਹਿ ਰਹੇ ਸੀ ਕਿ ਕਮੇਟੀ ਨੇ ਗੁਰਦੁਵਾਰੇ ਦੇ ਪੈਸੇ ਖਾ ਲਏ, ਆਪਣੇ ਘਰ ਭਰ ਲਏ......ਇਨ੍ਹਾਂ ਨੂੰ ਕੱਢਿਆ ਜਾਵੇ।

ਮਾਮਲਾ ਕਾਫ਼ੀ ਤੱਤਾ ਸੀ, ਦੋਵੇਂ ਧਿਰਾਂ ਇੱਕ ਦੂਜੇ ਤੇ ਚੜ੍ਹਾਈ ਵਿਚ ਸਨ, ਅਖ਼ੀਰ ਪੁਰਾਣੀ ਗੁਰਦੁਵਾਰਾ ਕਮੇਟੀ ਦਾ ਮੈਂਬਰ ਬੋਲਿਆ, "ਨੌਜਵਾਨ ਸਭਾ ਨੇ ਸਾਡੇ ਉੱਤੇ ਬਹੁਤ ਹੀ ਵੱਡਾ ਇਲਜ਼ਾਮ ਲਾਇਆ ਹੈ, ਇਹ ਇਲਜ਼ਾਮ ਅਸੀਂ ਸਹਿਣ ਨਹੀਂ ਕਰ ਸਕਦੇ, ਅਸੀਂ ਸਾਰੇ ਪਿੰਡ ਸਾਹਮਣੇ ਚਾਬੀਆਂ ਦੇਣ ਲਈ ਤਿਆਰ ਹਾਂ......।"

ਅਖੀਰ ਨੌਜਵਾਨ ਕਮੇਟੀ ਨੇ ਪੁਰਾਣੀ ਕਮੇਟੀ ਤੋਂ ਚਾਬੀਆਂ ਲੈ ਲਈਆਂ ਤੇ ਕਿਹਾ, "ਅਸੀਂ ਗੁਰਦੁਵਾਰੇ ਦੀ ਤਰੱਕੀ ਅਤੇ ਬਿਹਤਰੀ ਲਈ ਕੰਮ ਕਰਾਂਗੇ।"

ਨਵੀਂ ਕਮੇਟੀ ਨੂੰ ਕੰਮ ਕਰਦਿਆਂ ਅਜੇ ਮਹੀਨਾ ਕੁ ਹੀ ਹੋਇਆ ਸੀ ਕਿ ਫਿਰ ਉਸੇ ਤਰ੍ਹਾਂ ਦਾ ਰੌਲਾ ਰੱਪਾ ਪੈ ਗਿਆ......ਇਸ ਵਾਰ ਨਵੀਂ ਕਮੇਟੀ ਦਾ ਮੈਂਬਰ ਗੁਰਦੁਵਾਰੇ ਵਿਚ ਹੀ ਪਿੰਡ ਦੀ ਕੁੜੀ ਨਾਲ....ਮੈਂ ਸੋਚ ਰਿਹਾ ਸੀ ਕਿ ਇਹ ਸਾਰੇ ਗੁਰਦੁਵਾਰੇ ਦੀ ਕਿਸ ਤਰ੍ਹਾਂ ਦੀ ਤਰੱਕੀ ਕਰ ਰਹੇ ਹਨ।

੦੦੦੦

## ਮਤਰੇਈ ਮਾਂ

ਸੰਤੋਸ਼ ਬੀ. ਏ. ਦੀ ਵਿਦਿਆਰਥਣ ਸੀ, ਉਹ ਪੜ੍ਹਨ ਵਿਚ ਕਾਫ਼ੀ ਹੁਸ਼ਿਆਰ ਸੀ। ਉਸ ਦੀ ਕਲਾਸ ਵਿਚ ਇਕ ਲੜਕਾ ਮਹੇਸ਼ ਵੀ ਪੜ੍ਹਦਾ ਹੁੰਦਾ ਸੀ, ਉਹ ਵੀ ਪੜ੍ਹਾਈ ਵਿਚ ਬੜਾ ਹੁਸ਼ਿਆਰ ਸੀ, ਤੇ ਹਰ ਕਲਾਸ ਵਿਚ ਫਸਟ ਆਉਂਦਾ ਸੀ। ਇਸ ਲਈ ਉਸਨੇ ਮਹੇਸ਼ ਨੂੰ ਆਪਣੇ ਦਿਲ ਦੀ ਗੱਲ ਕਹਿ ਦਿੱਤੀ।

ਮਹੇਸ਼ ਦੇ ਦਿਲ ਵਿਚ ਵੀ ਸੰਤੋਸ਼ ਲਈ ਬੇਥਾਹ ਮੁਹੱਬਤ ਸੀ, ਇਸ ਲਈ ਉਨਾਂ ਦੋਨਾਂ ਦੀ ਖ਼ੂਬ ਬਣੀ.....ਉਨ੍ਹਾਂ ਦੇ ਪਿਆਰ ਦਾ ਚਰਚਾ ਆਮ ਹੋ ਗਿਆ, ਅਖੀਰ ਸੰਤੋਸ਼ ਤੇ ਘਰ ਵੀ ਪਤਾ ਲੱਗ ਗਿਆ।

ਸੰਤੋਸ਼ ਅਮੀਰ ਘਰ ਦੀ ਧੀ ਸੀ, ਕਿਸੇ ਵੀ ਚੀਜ਼ ਦੀ ਕਮੀ ਨਹੀਂ ਸੀ, ਪਰ ਸੰਤੋਸ਼ ਦੀ ਮਤਰੇਈ ਮਾਂ ਉਸ ਨੂੰ ਦੇਖ ਖੁਸ਼ ਨਾ ਹੁੰਦੀ, ਉਹ ਸੰਤੋਸ਼ ਤੇ ਹਮੇਸ਼ਾਂ ਤਾਨਿਆਂ ਦੇ ਤੀਰ ਕੱਸਦੀ ਰਹਿੰਦੀ। ਦੂਜੇ ਪਾਸੇ ਸੰਤੋਸ਼ ਦਾ ਪਿਤਾ ਉਸ ਨੂੰ ਬੇਹੱਦ ਪਿਆਰ ਕਰਦਾ ਸੀ, ਉਹਨਾਂ ਦੇ ਜਾਇਦਾਦ ਦੀ ਮਾਲਕ ਤਾਂ ਕੱਲੀ ਸੰਤੋਸ਼ ਹੀ ਸੀ। ਕਦੀ ਕਦੀ ਸੰਤੋਸ਼ ਦੀ ਮਤਰੇਈ ਮਾਂ ਉਸ ਨਾਲ ਦਿਖਾਵੇ ਦਾ ਝੂਠਾ ਮੂਠਾ ਪਿਆਰ ਕਰਦੀ, ਪਰ ਸੰਤੋਸ਼ ਸਭ ਸਮਝਦੀ ਸੀ। ਜਦੋਂ ਸੰਤੋਸ਼ ਦੇ ਪਿਆਰ ਦਾ ਪਤਾ ਉਸ ਦੇ ਪਿਤਾ ਨੂੰ ਲੱਗਾ ਤਾਂ ਉਹਨਾਂ ਨੇ ਮਹੇਸ਼ ਨੂੰ ਘਰ ਬੁਲਾਇਆ ਅਤੇ ਗੱਲਬਾਤ ਕੀਤੀ, ਗੱਲਬਾਤ ਤੋਂ ਉਹਨਾਂ ਨੂੰ ਪਤਾ ਲੱਗ ਗਿਆ ਕਿ ਮਹੇਸ਼ ਇਕ ਅੱਛਾ ਲੜਕਾ ਹੈ, ਉਹਨਾਂ ਨੇ ਦੋਵਾਂ ਦੀ ਖੁਸ਼ੀ ਨਾਲ ਸ਼ਾਦੀ ਕਰ ਦਿੱਤੀ।

ਸੰਤੋਸ਼ ਦੀ ਮਤਰੇਈ ਮਾਂ ਜੋ ਉਸ ਨਾਲ ਝੂਠਾ ਪਿਆਰ ਜਿਤਾ ਕੇ ਆਪਣੇ ਪਤੀ ਦੀ ਜਾਇਦਾਦ ਦੀ ਮਾਲਿਕ ਬਣਨਾ ਚਾਹੁੰਦੀ ਸੀ, ਉਸ ਨੂੰ ਜਾਪਿਆ ਕਿ ਉਸ ਦੇ ਹੱਥੋਂ ਇਹ ਸਾਰੀ ਜਾਇਦਾਦ ਜਾ ਰਹੀ ਹੈ, ਤਾਂ ਉਹ ਗਲਤ ਚਾਲਾਂ ਦਾ ਜਾਲ ਬੁਣਨ ਲੱਗੀ।

ਸੰਤੋਸ਼ ਬਹੁਤ ਭੋਲੀ ਭਾਲੀ ਸੀ, ਉਹ ਮਤਰੇਈ ਮਾਂ ਦੀਆਂ ਚਾਲਾਂ ਵਿਚ ਆ ਗਈ। ਸਿੱਟੇ ਵਜੋਂ ਮਹੇਸ਼ ਅਤੇ ਸੰਤੋਸ਼ ਦੇ ਪਿਆਰ ਵਿਚ ਦੂਰੀਆਂ ਪੈ ਗਈਆਂ। ਸੰਤੋਸ਼ ਤੀ ਮਤਰੇਈ ਮਾਂ ਨੇ ਮਹੇਸ਼ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਆਵਾਰਾ ਹੈ, ਬਦਨਾਮ ਲੜਕੀਆਂ ਨਾਲ ਘੁੰਮਦਾ ਹੈ, ਪਰ ਸੰਤੋਸ਼ ਦੇ ਪਿਤਾ ਨੇ ਸਮਝਾਇਆ ਕਿ ਮਹੇਸ਼ ਚੰਗਾ ਲੜਕਾ ਹੈ, ਵਹਿਮ ਦਾ ਕੋਈ ਇਲਾਜ਼ ਨਹੀਂ ਹੁੰਦਾ......ਪਰ ਕਿੱਥੇ ਕਲੇਸ਼ ਵੱਧਦਾ ਹੀ ਗਿਆ.....ਸਿੱਟਾ ਸੰਤੋਸ਼ ਦੇ ਪਿਤਾ ਦੀ ਹਾਰਟ ਅਟੈਕ ਨਾਲ ਮੌਤ.....ਸੰਤੋਸ਼ ਤੇ ਮਹੇਸ਼ ਤਾ ਤਲਾਕ.....। ਮਤਰੇਈ ਮਾਂ ਦੀ ਚਾਲ ਕਾਮਯਾਬ ਹੋ ਗਈ......ਕੁਝ ਹੀ ਦਿਨਾਂ ਬਾਅਦ ਸੰਤੋਸ਼ ਦੀ ਕਾਰ ਦਾ ਵੀ ਐਕਸੀਡੈਂਟ ਕਰਵਾ ਦਿੱਤਾ। ਮਤਰੇਈ ਮਾਂ ਆਪਣੇ ਹੀ ਹੱਥੀਂ ਆਪਣਾ ਹੱਸਦਾ ਵੱਸਦਾ ਘਰ ਬਰਬਾਦ ਕਰ, ਸਾਰੀ ਜਾਇਦਾਦ ਦੀ ਇਕੱਲੀ ਮਾਲਿਕ ਬਣ ਬੈਠੀ।

0000

## ਬਦ ਨਾਲੋਂ ਬਦਨਾਮ ਮਾੜਾ

ਉਹ ਔਰਤ ਬੜੀ ਦੁਖੀ ਸੀ, ਇਲਾਕੇ ਦੇ ਕਹਿੰਦੇ ਕਹਾਉਂਦੇ ਜੋਤਸ਼ੀ ਕੋਲ ਪਹੁੰਚ ਉਸ ਨੇ ਆਪਣੇ ਦੁੱਖਾਂ, ਕਲੇਸ਼ਾਂ ਦਾ ਨਿਪਟਾਰਾ ਚਾਹਿਆ। ਉਸ ਨੇ ਜੋਤਸ਼ੀ ਨੂੰ ਸਾਫ਼ ਸਾਫ਼ ਤੇ ਸੱਚੋ ਸੱਚ ਦੱਸ ਦਿੱਤਾ ਕਿ ਮੇਰਾ ਪਤੀ ਵਿਦੇਸ਼ ਗਿਆ ਹੋਇਆ.....ਉਸਦੇ ਦੋ ਬੱਚੇ ਨੇ ਤੇ ਕੋਈ ਹੋਰ ਮਰਦ ਵੀ ਉਹਦੀ ਜ਼ਿੰਦਗੀ ਵਿਚ ਹੈ.....ਜਿਸ ਨੂੰ ਉਹ ਆਪਣਾ ਸਹਾਰਾ ਮੰਨਦੀ ਹੈ। ਜਿਸ ਕਾਰਨ ਘਰ ਵਿਚ ਮਾਮਲਾ ਬੇਹੱਦ ਗੰਭੀਰ ਹੋ ਗਿਐ.....ਉਸ ਨੂੰ ਬਦਨਾਮ ਅਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹੈ.....।

ਜੋਤਸ਼ੀ ਸਾਹਮਣੇ ਬੜਾ ਵਚਿੱਤਰ ਮਸਲਾ ਸੀ ਇਹ.....ਉਸ ਨੇ ਪੁਰਾਣਾਂ ਅਤੇ ਵੇਦਾਂ ਦਾ ਹਵਾਲਾ ਦੇ ਕੇ ਸਮਝਾਇਆ ਕਿ ਇਸ ਤਰ੍ਹਾਂ ਦੇ ਨਾਜਾਇਜ਼ ਸੰਬੰਧਾਂ ਦੇ ਕਾਰਨ ਹੀ ਉਸਦੀ ਬਦਨਾਮੀ ਹੋਈ ਹੈ, ਉਸ ਨੂੰ ਇਹ ਸਭ ਛੱਡ ਦੇਣਾ ਚਾਹੀਦੈ ਜਾਂ ਫਿਰ ਪੜਦਾ ਬਣਾ ਕੇ ਰੱਖਣਾ ਚਾਹੀਦੈ....ਉਹ ਸਭ ਸੁਣਦੀ ਅਤੇ ਸਮਝਦੀ ਸੀ....ਉਸਦੇ ਦੁੱਖਾਂ ਦਾ ਭਰਿਆ ਘੜਾ ਛਲਕ ਪਿਆ, “ਪੰਡਿਤ ਜੀ ਤੁਸੀਂ ਮੇਰੇ ਪਿਤਾ ਸਾਮਾਨ ਹੋ...ਪੜਦਾ ਤੇ ਉਹਨਾਂ ਨੇ ਨਾ ਰੱਖਿਆ, ਜਿਨ੍ਹਾਂ ਨੂੰ ਰੱਖਣਾ ਚਾਹੀਦੈ.....ਉਹ ਹੀ ਸ਼ਰਮ ਦੀ ਲੋਈ ਲਾਹ ਚੌਰਾਹੇ ਵਿਚ ਨੰਗੇ ਹੋਏ ਪਏ ਨੇ.....ਰਿਸ਼ਤਿਆਂ ਦੀ ਹੋਂਦ ਨੂੰ ਸਭ ਤੋਂ ਵੱਡਾ ਖ਼ਤਰਾ ਤਾਂ ਇਹਨਾਂ ਤੋਂ ਹੈ.....ਮੈਂ ਕੀਹਦਾ ਕੀਹਦਾ ਮੂੰਹ ਫੜਾ...ਤੁਸੀਂ ਪੜਦੇ ਦੀ ਗੱਲ ਕਰਦੇ ਹੋ ਤਾਂ ਸੁਣੋ ਪੜਦਾ ਨੰਬਰ ਇਕ, ਮੇਰਾ ਸਹੁਰਾ....ਉਹ ਬੁੱਢਾ ਮੇਰੇ ਖਸਮ ਦੀ ਗ਼ੈਰਹਾਜ਼ਰੀ ਵਿਚ ਮੇਰੇ ਨਾਲ ਸੌਣਾ ਚਾਹੁੰਦੇ...ਪੜਦਾ ਨੰਬਰ ਦੋ.....ਮੇਰਾ ਨਣਦੋਈਆ....ਉਹ ਵੀ ਮੇਰੇ ਤੇ ਅੱਖ ਮੈਲੀ ਰੱਖੀ ਫਿਰਦੈ......ਪੜਦਾ ਨੰਬਰ ਤਿੰਨ.....ਮੇਰਾ ਭਾਣਜਾ.....ਜੋ ਮੇਰੇ ਪੁੱਤਾਂ ਵਰਗਾ....ਉਹ ਵੀ ਆਪਣੀ ਮਾਂ ਸਮਾਨ ਮਾਮੀ ਨੂੰ ਮਾਨਣਾ ਚਾਹੁੰਦੈ.....ਤੇ ਪੰਡਿਤ ਜੀ, ਜੇ ਤਾਂ ਮੈਂ ਇਹਨਾਂ ਸਭ ਦੀਆਂ ਆਸਾਂ ਤੇ ਪੂਰੀ ਉੱਤਰ ਜਾਵਾਂ, ਤਾਂ ਮੈਂ ਸਤੀ ਸਵਿੱਤਰੀ....ਜੇ ਨਹੀਂ ਤਾਂ ਮੈਂ ਮਾੜੀ.....।” ਤੇ ਫਿਰ ਪੰਡਿਤ ਹੁਣਾਂ ਕੋਲ ਕੋਈ ਵੀ ਜਵਾਬ ਨਾ ਰਿਹਾ।

0000

## ਬਰਬਾਦੀ

ਸੋਨਮ ਇਕ ਗਰੀਬ ਮਾਂ ਬਾਪ ਦੀ ਲੜਕੀ ਸੀ, ਜਿਸ ਕਾਰਨ ਉਸਦੇ ਮਾਤਾ ਪਿਤਾ ਉਸ ਨੂੰ ਜ਼ਿਆਦਾ ਪੜ੍ਹਾ ਲਿਖਾ ਨਹੀਂ ਸਕਦੇ ਸਨ ਪਰ ਫਿਰ ਵੀ ਉਹਨਾਂ ਨੇ ਸੋਨਮ ਨੂੰ ਦਸਵੀਂ ਤੱਕ ਪੜ੍ਹਾ ਹੀ ਦਿੱਤਾ, ਗਰੀਬੀ ਕਾਰਨ ਉਹ ਉਸ ਨੂੰ ਅੱਗੇ ਨਾ ਪੜ੍ਹਾ ਸਕੇ।

ਸੋਨਮ ਦਾ ਇਕ ਅੱਠ ਨੌ ਸਾਲ ਦਾ ਛੋਟਾ ਭਰਾ ਸੀ, ਜਿਸ ਨੂੰ ਉਹ ਬਹੁਤ ਪਿਆਰ ਕਰਦੀ ਸੀ, ਉਹ ਅਚਾਨਕ ਬਿਮਾਰ ਹੋ ਗਿਆ। ਉਹ ਉਸ ਨੂੰ ਹਸਪਤਾਲ ਲੈ ਕੇ ਗਈ, ਜਿੱਥੇ ਉਸ ਨੂੰ ਦਾਖ਼ਲ ਕਰਨ ਤੇ ਹੀ ਘਰ ਦੀ ਸਾਰੀ ਜਮਾ ਪੂੰਜੀ ਲੱਗ ਗਈ। ਸੋਨਮ ਦਾ ਭਰਾ ਬਾਹਲੀ ਹੀ ਸੀਰੀਅਸ ਹਾਲਤ ਵਿਚ ਪਹੁੰਚ ਗਿਆ, ਡਾਕਟਰਾਂ ਨੇ ਦੱਸਿਆ ਕਿ ਇਸ ਨੂੰ ਬਚਾਉਣ ਲਈ ਜਲਦੀ ਹੀ ਅਪ੍ਰੇਸ਼ਨ ਕਰਨਾ ਪਵੇਗਾ।

ਸੋਨਮ ਆਪਣੇ ਭਰਾ ਨੂੰ ਬਹੁਤ ਪਿਆਰ ਕਰਦੀ ਸੀ, ਤੇ ਉਸਨੂੰ ਹਰ ਹਾਲ ਵਿਚ, ਬਚਾਉਣਾ ਚਾਹੁੰਦੀ ਸੀ। ਡਾਕਟਰਾਂ ਨੇ ਅਪ੍ਰੇਸ਼ਨ ਦਾ ਖ਼ਰਚਾ ਘੱਟੋ ਘੱਟ ਦਸ ਹਜ਼ਾਰ ਦੱਸਿਆ ਸੀ। ਉਹਨਾਂ ਕੋਲੇ ਤਾਂ ਇੰਨੇ ਪੈਸੇ ਇਕੱਠੇ ਕਰਨੇ ਬਹੁਤ ਹੀ ਔਖੇ ਸਨ, ਅਖ਼ੀਰ ਕਿਸੇ ਕੋਲੋਂ ਉਧਾਰ ਲੈਣ ਦੀ ਗੱਲ ਸੋਚੀ....ਪਰ ਕੌਣ ਦਿੰਦਾ ਹੈ ਇਸ ਜ਼ਮਾਨੇ ਵਿਚ ਕਿਸੇ ਨੂੰ ਕੋਈ ਉਧਾਰੇ ਪੈਸੇ....ਬਿਨ੍ਹਾਂ ਮਤਲਬ ਦੇ ਪਹਿਲਾਂ ਪਿੰਡ ਦਾ ਸ਼ਾਹੂਕਾਰ ਅਤੇ ਫਿਰ ਹੋਰ ਮੂੰਹ ਮੁਲਾਹਜ਼ੇ ਵਾਲੇ ਸਭ ਨੇ ਅੰਗੂਠਾ ਦਿਖਾ ਦਿੱਤਾ।

ਸੋਨਮ ਹਰ ਕੀਮਤ ਤੇ ਆਪਣੇ ਭਰਾ ਨੂੰ ਬਚਾਉਣਾ ਚਾਹੁੰਦੀ ਸੀ, ਡਾਕਟਰਾਂ ਨੇ ਕਿਹਾ ਸੀ ਕਿ ਦੋ ਦਿਨ ਵਿਚ ਅਪ੍ਰੇਸ਼ਨ ਕਰਨਾ ਜ਼ਰੂਰੀ, ਵਰਨਾ ਜਾਨ ਜਾਣ ਦਾ ਖ਼ਤਰਾ ਇਕ ਦਿਨ ਤਾਂ ਉਸਦਾ ਲੋਕਾਂ ਪਿੱਛੇ ਘੁੰਮਦੀ ਦਾ ਖ਼ਰਾਬ ਹੋ ਹੀ ਗਿਆ ਤੇ ਉਸਦੀ ਸਾਰੀ ਰਾਤ ਵੀ ਸੋਚਾਂ ਵਿਚ ਹੀ ਗੁਜ਼ਰ ਗਈ।

ਦੂਸਰੇ ਦਿਨ ਸਵੇਰ ਹੋਈ, ਸੋਨਮ ਬਹੁਤ ਹੀ ਦੁਖੀ ਅਤੇ ਉਦਾਸ ਬੈਠੀ ਸੀ, ਉਸਦੀ ਹਮਦਰਦ ਬਣ ਕੇ ਇਕ ਔਰਤ ਉਸ ਕੋਲ ਆਈ, ਤੇ ਉਸ ਨੇ ਕਿਹਾ ਕਿ ਇਕ ਆਦਮੀ ਤੈਨੂੰ ਇੰਨੇ ਪੈਸੇ ਦੇ ਸਕਦਾ ਹੈ। ਸੋਨਮ ਬਹੁਤ ਹੀ ਮਜ਼ਬੂਰ ਸੀ ਤੇ ਉਸ ਨੂੰ ਆਪਣੇ ਭਰਾ ਦੀ ਜਾਨ ਬਚਾਉਣ ਲਈ ਹਰ ਹਾਲ ਵਿਚ ਪੈਸੇ ਦੀ ਜ਼ਰੂਰਤ ਸੀ। ਉਹ ਔਰਤ ਸੋਨਮ ਨੂੰ ਨਾਲ ਲੈ ਕੇ ਸ਼ਹਿਰ ਚਲੀ ਗਈ, ਪਰ ਉਥੇ ਪਹੁੰਚ ਕੇ ਉਸ ਆਦਮੀ ਨੇ ਵੀ ਪੈਸੇ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੋਨਮ ਨੇ ਉਸਦੀਆਂ ਬੜੀਆਂ ਮਿੰਨਤਾਂ ਤਰਲੇ ਕੀਤੇ ਪਰ ਉਹ ਤਾਂ ਜਿਵੇਂ ਪੱਥਰ ਹੀ ਬਣ ਗਿਆ....ਸੋਨਮ ਨੂੰ ਉਥੇ ਹੀ ਸ਼ਾਮ ਪੈ ਗਈ। ਅੰਤ ਮਾਯੂਸ ਹੋ ਕੇ ਉਹ ਵਾਪਸ ਮੁੜਨ ਲੱਗੀ ਤਾਂ ਉਹ ਆਦਮੀ ਅਚਾਨਕ ਬੋਲਿਆ, ਮੈਂ ਤੈਨੂੰ ਪੈਸੇ ਦੇ ਸਕਦਾ ਹਾਂ ਪਰ ਮੇਰੀ ਇਕ ਸ਼ਰਤ ਹੈ, ਜੇ ਤੂੰ.....।"

ਸੋਨਮ ਸਾਰੀ ਗੱਲ ਸਮਝ ਚੁੱਕੀ ਸੀ, ਉਹ ਇਕ ਉਲਝੇਵੇਂ ਭਰੇ ਦੋਰਾਹੇ ਤੇ ਆਣ ਖੜ੍ਹੀ ਸੀ। ਵਕਤ ਉਸ ਦਾ ਇਮਤਿਹਾਨ ਲੈਣ ਲੱਗਾ ਸੀ। ਇਕ ਪਾਸੇ ਉਸ ਦੀ ਇੱਜ਼ਤ ਸੀ ਤੇ ਦੂਜੇ ਪਾਸੇ ਉਸਦੇ ਛੋਟੇ ਭਰਾ ਦੀ ਜ਼ਿੰਦਗੀ ਜਿਸਨੂੰ ਉਹ ਆਪਣੇ ਤੋਂ ਵੀ

ਵੱਧ ਪਿਆਰ ਕਰਦੀ ਸੀ। ਦੂਸਰਾ ਦਿਨ ਪੂਰਾ ਬੀਤ ਚੁੱਕਾ ਸੀ ਤੇ ਪੈਸਿਆਂ ਦਾ ਇੰਤਜ਼ਾਮ ਨਾ ਹੋਣ ਕਾਰਨ, ਅਪ੍ਰੇਸ਼ਨ ਲੇਟ ਹੋ ਗਿਆ ਸੀ। "ਛੋਟੇ ਵੀਰ ਦੀ ਹਾਲਤ ਸ਼ਾਇਦ ਹੋਰ ਵੀ ਗੰਭੀਰ ਹੋ ਗਈ ਹੋਵੇਗੀ।" ਇਹ ਸੋਚ ਉਹ ਧੁਰ ਅੰਦਰ ਤੱਕ ਕੰਬ ਗਈ ਤੇ ਉਸ ਨੇ ਆਪਣੇ ਭਰਾ ਦੀ ਜਾਨ ਬਚਾਉਣ ਦਾ ਫ਼ੈਸਲਾ ਕੀਤਾ।

ਤੀਸਰੇ ਦਿਨ ਸੋਨਮ ਜਦੋਂ ਆਪਣੀ ਇੱਜ਼ਤ ਆਪਣੀ ਮਜ਼ਬੂਰੀ ਖ਼ਾਤਿਰ ਵੇਚ ਭਰਾ ਲਈ ਪੈਸਿਆਂ ਦਾ ਇੰਤਜ਼ਾਮ ਕਰ ਹਸਪਤਾਲ ਪਹੁੰਚੀ ਤਾਂ ਉਸ ਦੀ ਦੁਨੀਆਂ ਉੱਜੜ ਚੁੱਕੀ ਸੀ। ਉਸ ਦਾ ਭਰਾ ਆਪਣੀ ਭੈਣ ਦਾ ਇੰਤਜ਼ਾਰ ਕਰਦਾ ਕਰਦਾ ਦਮ ਤੋੜ ਗਿਆ ਸੀ ਤੇ ਗ਼ਮ ਵਿਚ ਮਾਤਾ ਪਿਤਾ ਨੇ ਵੀ ਪ੍ਰਾਣ ਤਿਆਗ ਦਿੱਤੇ। ਸੋਨਮ ਤੇ ਇਕੋ ਵਾਰ ਮੁਸੀਬਤਾਂ ਦਾ ਪਹਾੜ ਟੁੱਟ ਗਿਆ, ਉਹ ਇਕੱਲੀ ਰਹਿ ਗਈ ਸੀ।

ਸੋਨਮ ਗਰੀਬ ਸੀ, ਪਰ ਜਵਾਨ ਸੀ, ਖ਼ੂਬਸੂਰਤ ਸੀ। ਸਭ ਉਸਦੀ ਠਾਠਾਂ ਮਾਰਦੀ ਜਵਾਨੀ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦੇ.....ਹਵਸ ਦੇ ਭੁੱਖੇ ਭੇੜੀਏ ਸਿਰਫ ਤੇ ਸਿਰਫ ਜਿਸਮ ਦਾ ਮੁੱਲ ਹੀ ਲਾਉਂਦੇ.....ਉਸ ਦੀ ਗਲਤੀ ਅਤੇ ਗਰੀਬੀ ਨੇ ਉਸ ਦੀ ਜ਼ਿੰਦਗੀ ਤਬਾਹ ਕਰ ਦਿੱਤੀ....ਉਸ ਦਾ ਖ਼ੂਬਸੂਰਤ ਜਿਸਮ ਕਰੂਪ ਹੋ ਗਿਆ....ਗ਼ਰੀਬੀ ਨੇ ਉਸਦੀ ਹੱਸਦੀ ਵੱਸਦੀ ਜ਼ਿੰਦਗੀ ਵਿਚ ਜ਼ਹਿਰ ਘੋਲ ਦਿੱਤਾ ਤੇ ਉਹ ਇਕ ਬਦਨਾਮ ਕੋਠੇ ਤੇ ਪਹੁੰਚ ਗਈ, ਜਿੱਥੇ ਉਹ ਹਵਸ ਦੇ ਭੁੱਖੇ ਬਘਿਆੜਾਂ ਦੀ ਖ਼ੁਰਾਕ ਬਣਨ ਲਈ ਮਜ਼ਬੂਰ ਹੋ ਗਈ।

0000

## ਜੱਜ ਦਾ ਫ਼ੈਸਲਾ

ਸਾਰੇ ਪਿੰਡ ਵਿਚ ਹਾਹਾ ਕਾਰ ਮੱਚੀ ਹੋਈ ਸੀ.....“ਜੀਤੋ ਸਰਪੰਚਣੀ ਦੇ ਮੁੰਡੇ ਨੇ ਜੀਤੋ ਮਰ ਤੀ ਤੇ ਨਾਲੇ ਮਾਰ ਤਾ ਆਪਣੀ ਮਾਂ ਦਾ ਆਸ਼ਿਕ...ਗੱਲ ਜੱਗ ਜ਼ਾਹਰ ਸੀ, ਫਿਰ ਵੀ ਲੋਕ ਮੂੰਹ ਜੋੜ ਜੋੜ ਗੱਲਾਂ ਕਰ ਰਹੇ ਸੀ। “ਜੁਆਨ ਮੁੰਡਾ ਆਪਣੀਆਂ ਅੱਖਾਂ ਸਾਹਮਣੇ ਕਿਵੇਂ  ਆਪਣੀ ਮਾਂ ਨੂੰ.....।” “ਤੱਤਾ ਖ਼ੂਨ ਆ ਆਖ਼ਰ ਕਦ ਤੱਕ ਚੁੱਪ ਬੈਠਦਾ।” ਗੱਲ ਕੀ ਜਿੰਨੇ ਮੂੰਹ ਉਨੀਆਂ ਹੀ ਗੱਲਾਂ।

ਉਸ ਨੇ ਆਪਣੇ ਆਪ ਨੂੰ ਪੁਲਸ ਹਵਾਲੇ ਕਰ ਦਿੱਤਾ ਤੇ ਜੁਰਮ ਦਾ ਇਕਬਾਲ ਕਰ ਲਿਆ। ਅੱਜ ਉਸ ਨੂੰ ਸਜ਼ਾ ਸੁਣਾਈ ਜਾਣੀ ਸੀ, ਜੱਜ ਨੇ ਭਰੀ ਅਦਾਲਤ ਵਿਚ ਉਸ ਨੂੰ ਕਿਹਾ, “ਕੀ ਤੂੰ ਆਪਣੀ ਸਫ਼ਾਈ ਵਿਚ ਕੁਝ ਕਹਿਣਾ ਹੈ।”

“ਜੱਜ ਸਾਹਿਬ ਮੈਨੂੰ ਕੋਈ ਗ਼ਮ ਨਹੀਂ ਕਿ ਮੈਂ ਉਨ੍ਹਾਂ ਨੂੰ ਮਾਰ ਦਿੱਤਾ ਸਗੋਂ ਮੈਨੂੰ ਖ਼ੁਸ਼ੀ ਹੈ ਕਿ ਮੈਂ ਆਪਣੇ ਭਰਾ ਹੋਣ ਦਾ ਫਰਜ਼ ਅਦਾ ਕਰ ਦਿੱਤਾ ਕਿਉਂ ਕਿ ਜੋ ਲਫ਼ਜ ਉਸ ਨੇ ਮੈਨੂੰ ਆਖੇ ਸਨ, ਉਹ ਲਫ਼ਜ਼ ਕੋਈ ਵੀ ਗ਼ੈਰਤਮੰਦ ਭਰਾ ਨਹੀਂ ਸੁਣ ਸਕਦਾ....ਜੇ ਮੇਰੀ ਥਾਂ ਤੁਸੀਂ ਹੁੰਦੇ ਤਾਂ ਤੁਸੀਂ ਵੀ ਉਸਦਾ ਕਤਲ ਕਰ ਦਿੰਦੇ।”

“ਉਸ ਨੇ ਅਜਿਹਾ ਕੀ ਕਿਹਾ ਸੀ ?” ਜੱਜ ਨੇ ਸਵਾਲ ਕੀਤਾ।

“ਜੱਜ ਸਾਹਿਬ ਮੈਂ ਉਸ ਨੂੰ ਕਿਹਾ ਕਿ ਹੁਣ ਤੂੰ ਮੇਰੀ ਮਾਂ ਨੂੰ ਸ਼ਰੇਆਮ ਨਾ ਮਿਲਿਆ ਕਰ, ਕਿਉਂ ਕਿ ਮੇਰੇ ਸ਼ਰੀਕ ਮੈਨੂੰ ਮਿਹਣੇ ਮਾਰਦੇ ਆ ਕਿ ਤੇਰੀ ਮਾਂ ਉਸ ਨਾਲ ਮਾੜੀ ਆ....ਤਾਂ ਉਸਨੇ ਮੈਨੂੰ ਕਿਹਾ, ਤੇਰੀ ਮਾਂ ਨਾਲ ਤਾਂ ਜੋ ਮੈਂ ਕੀਤਾ...ਉਹ ਕੀਤਾ...ਹੁਣ ਤੂੰ ਆਪਣੀ ਭੈਣ ਨੂੰ ਮੇਰੇ ਤੋਂ ਬਚਾ ਕੇ ਰੱਖੀ....ਮੈਂ ਤਾਂ ਉਹਨੂੰ ਵੀ.....ਤੇ ਫਿਰ ਜੱਜ ਸਾਹਿਬ ਮੈਂ ਉਸ ਨੂੰ ਗੱਡੀ ਚਾੜ੍ਹ ਦਿੱਤਾ।”

“ਇਸ ਨੂੰ ਛੱਡ ਦਿਉ।” ਜੱਜ ਨੇ ਕਿਹਾ....ਤੇ ਫਿਰ ਅਦਾਲਤ ਵਿਚ ਕਿੰਨਾ ਈ ਚਿਰ ਤਾੜੀਆਂ ਵੱਜਦੀਆਂ ਰਹੀਆਂ।

oooo

## ਸੁੱਖ ਭਾਗਾਂ ਦਾ.....

ਆਪਣੇ ਕਲਾਸਫੈਲੋ ਸ਼ਾਮੇ ਦੀ ਪਿਉ ਨੂੰ ਬੁੱਢੇ ਵਾਰੇ ਸਿਰ ਤੇ ਭਰੀ ਚੁੱਕੀ ਦੇਖ ਕੇ ਮੈਨੂੰ ਬੜੀ ਹੈਰਾਨੀ ਹੋਈ, ਦੇਖਣ ਨੂੰ ਬਾਹਲਾ ਹੀ ਕਮਜ਼ੋਰ ਜਿਹਾ ਹੋ ਗਿਆ ਸੀ ਉਸ ਦਾ ਸਰੀਰ। ਜਵਾਨੀ ਵੇਲੇ ਕੁਇੰਟਲ ਦੀ ਬੋਰੀ ਨੂੰ ਮੁਢਾ ਮਾਰ ਆਪੇ ਚੁੱਕ ਪਿੱਠੇ ਲਾ ਲੈਂਦਾ ਸੀ। ਬਹੁਤ ਹੀ ਹੌਲੀ ਹੌਲੀ ਤੁਰ ਰਿਹਾ ਸੀ। ਮੈਂ ਉਸ ਨੂੰ ਕਿਹਾ, "ਤਾਇਆ ਤੈਥੋਂ ਬੈਠਿਆ ਨਹੀਂ ਜਾਂਦਾ....ਇਸ ਉਮਰੇ...ਹੁਣ ਤੇਰੀ ਕੋਈ ਐਦਾ ਦੀ ਉਮਰ ਆ ਕਿ ਇਹ ਕੰਮ ਕਰੇਂ.....।" ਉਸ ਨੇ ਭਰੀ ਸੁੱਟ ਲਈ ਤੇ ਮੈਨੂੰ ਪਛਾਨਣ ਦੀ ਕੋਸ਼ਿਸ਼ ਕਰਨ ਲੱਗਾ, ਨਜ਼ਰ ਵੀ ਸ਼ਾਇਦ ਉਸ ਦੀ ਕਮਜ਼ੋਰ ਹੋ ਗਈ ਸੀ।

"ਹਾਂ, ਪੁੱਤ, ਕਰਨਾ ਹੀ ਪੈਂਦਾ....ਜੇ ਮੈਂ ਨਈ ਕਰਨਾ ਤਾਂ ਫਿਰ ਕੌਣ ਕਰੂ।"

"ਤਾਇਆ ਦੋ ਦੋ ਨੌਜਵਾਨ ਪੁੱਤਾਂ ਦੇ ਹੁੰਦਿਆਂ, ਜੋ ਵਧੀਆ ਨੌਕਰੀਆਂ ਕਰ ਰਹੇ ਹਨ ਤੂੰ ਇਸ ਤਰ੍ਹਾਂ.....।"

"ਪੁੱਤਾ ਮਾਪੇ ਤਾਂ ਪੁੱਤਾਂ ਨੂੰ ਪਾਲ ਕੇ ਆਸ ਕਰਦੇ ਹੀ ਰਹਿ ਜਾਂਦੇ ਹਨ...ਪਰ ਸੁੱਖ ਤਾਂ ਭਾਗਾਂ ਦਾ ਹੁੰਦੈ.....ਜਦ ਸਾਡੇ ਕਰਮਾਂ ਵਿਚ ਇਹੋ ਰੰਡੀ ਰੋਣਾ ਲਿਖਿਐ ਤਾਂ ਕੋਈ ਕੀ ਕਰ ਸਕਦੈ....। ਬੜਾ ਤਾ ਤੈਨੂੰ ਪਤੈ ਪਈ ਵੱਡੇ ਸ਼ਹਿਰ ਨੌਕਰੀ ਕਰਦੈ, ਉਹ ਆਪਣਾ ਟੱਬਰ ਆਪਣੇ ਨਾਲ ਹੀ ਲੈ ਗਿਐ, ਤੇ ਛੋਟਾ ਉਹ ਆਖਦਾ ਏ ਮੇਰੀ ਤੀਵੀਂ ਤੋਂ ਤੁਹਾਡੀਆਂ ਬੁੱਤੀਆਂ ਨਹੀਂ ਹੋਣੀਆਂ.....ਨਾਲੇ ਹੁਣ ਉਨ੍ਹਾਂ ਸਾਥੋਂ ਕੀ ਲੈਣੈ....ਚੱਲ ਪੁੱਤ ਜਿਹੜੀ ਚਾਰ ਦਿਨ ਦੀ ਜ਼ਿੰਦਗੀ ਬਚੀ ਆ.... ਉਹ ਵੀ ਕਿਸੇ ਤਰ੍ਹਾਂ ਗੁਜ਼ਰ ਹੀ ਜਾਊ.....।" ਤੇ ਫਿਰ ਉਸ ਨੇ ਇਕ ਲੰਬਾ ਹੌਕਾ ਭਰਿਆ ਅਤੇ ਬਾਲਣ ਦੀ ਭਰੀ ਚੁੱਕ ਘਰ ਵੱਲ ਨੂੰ ਤੁਰ ਪਿਆ।

0000

## ਆਨ ਡਿਊਟੀ

ਪਿਛਲੇ ਕੁਝ ਦਿਨਾਂ ਤੋਂ ਬੈਂਕਾਂ ਦੇ ਨੇੜੇ ਹੋਈਆਂ ਬਹੁਤ ਸਾਰੀਆਂ ਲੁੱਟਾਂ ਖੋਹਾਂ ਨੇ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਨੂੰ ਡਾਢਾ ਪਰੇਸ਼ਾਨ ਕਰ ਰੱਖਿਆ ਸੀ, ਇਹਤਿਹਾਤ ਵਜੋਂ ਪੁਲਸ ਨੇ ਸਾਰੀਆਂ ਹੀ ਬੈਂਕਾਂ ਲਾਗੇ ਸਕਿਓਰਟੀ ਵਧਾਉਣ ਲਈ ਕੁਝ ਹੋਮਗਾਰਡ ਜਵਾਨਾਂ ਦੀ ਡਿਊਟੀ ਲਗਾ ਦਿੱਤੀ। ਸਾਡੇ ਬੈਂਕ ਕੋਲ ਵੀ ਦੋ ਬਹੁਤ ਹੀ ਬੀਬੇ ਹੋਮਗਾਰਡ ਜਵਾਨ ਡਿਊਟੀ ਦਿੰਦੇ, ਸਾਡੇ ਨਾਲ ਗੱਪਸ਼ੱਪ ਵੀ ਚਲਦੀ ਰਹਿੰਦੀ।

ਪਿਛਲੇ ਤਿੰਨ ਚਾਰ ਦਿਨਾਂ ਤੋਂ ਦੋ ਹੋਮਗਾਰਡ ਜਵਾਨ, ਜਿਨ੍ਹਾਂ ਨੂੰ ਹੋਮਗਾਰਡ ਜਵਾਨ ਨਾ ਕਹਿ ਕੇ "ਵੈਲੀ ਯਾਰ" ਕਹਿਣਾ ਠੀਕ ਹੋਵੇਗਾ, ਡਿਊਟੀ ਦੇਣ ਆ ਰਹੇ ਨੇ, ਉਹ ਆਪਣੀ ਡਿਊਟੀ ਤੇ ਤਾਂ ਧਿਆਨ ਘੱਟ ਵੱਧ ਹੀ ਦੇ ਰਹੇ ਸਨ, ਪਰ ਫ਼ਜ਼ੂਲ ਦੀਆਂ ਗੱਲਾਂ ਵੱਲ ਧਿਆਨ ਵੱਧ ਦੇ ਰਹੇ ਸੀ, ਜਿਵੇਂ ਇੱਥੇ ਸ਼ਰਾਬ ਕੌਣ ਕੌਣ ਵੇਚਦਾ ਹੈ ਕਿਹੜੇ ਮੁੰਡੇ ਦੀ ਕਿਹੜੀ ਕੁੜੀ ਨਾਲ ਗੱਲ ਹੈ....। ਪਾਈਆ ਪਾਈਆ ਸਵੇਰੇ ਈ ਪੀ ਕੇ ਸ਼ੁਰੂ ਹੋ ਜਾਂਦੇ ਤੇ ਫਿਰ ਸ਼ਾਮ ਤੱਕ ਇਵੇਂ ਹੀ......।

ਅੱਜ ਤਾਂ ਉਹਨਾਂ ਨੇ ਹੱਦ ਹੀ ਕਰ ਦਿੱਤੀ, ਸਕੂਟਰ ਮੋਟਰ ਸਾਈਕਲ ਵਾਲਿਆਂ ਨੂੰ ਰੋਕ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ, ਅਖੇ ਸਾਨੂੰ ਐਸ. ਐਚ.ਓ.ਨੰਬਰ ਮੰਗਿਆ ਤਾਂ ਉਸ ਨੂੰ ਠਾਣੇ ਦਾ ਈ ਨੰਬਰ ਦੇਈ ਜਾਣ.....ਅਖੇ ਸਾਡੇ ਸਾਹਬ ਕੋਲ ਮੋਬਾਇਲ ਹੈ ਨੀਂ। ਸ਼ਾਇਦ ਉਹ ਆਪਣੀ ਸ਼ਾਮ ਦੀ ਬੋਤਲ ਦਾ ਜੁਗਾੜ ਕਰਨਾ ਚਾਹੁੰਦੈ ਸੀ। ਮੈਥੋਂ ਰਿਹਾ ਨਾ ਗਿਆ ਤੇ ਮੈਂ ਉਹਨਾਂ ਨੂੰ ਕਿਹਾ, "ਜੇ ਤੁਸੀਂ ਥੋੜਾ ਜਿਹਾ ਚਿਰ ਹੋਰ ਇੱਥੇ ਖੜ੍ਹੇ ਰਹੇ ਤਾਂ ਲੋਕਾਂ ਨੇ ਇੱਧਰੋਂ ਲੰਘਣਾ ਬੰਦ ਕਰ ਦੇਣਾ ਅਤੇ ਅਸੀਂ ਸਾਰੇ ਦੁਕਾਨਦਾਰ ਤੁਹਾਡੇ ਨਾਲ ਬੈਠ ਕੇ ਛੁਣਛੁਣੇ ਵਾਜਾਵਾਂਗੇ ਤੇ ਤੁਸੀਂ ਭੰਗੜਾ ਪਾਇਉ...।" ਕਾਰਨਾਮਿਆਂ ਤੋਂ ਬਾਜ ਤਾਂ ਆ ਗਏ ਪਰ ਟੇਢੀ ਅੱਖ ਤੱਕੀ ਜਾਣ, ਨਾਲ ਦੇ ਦੁਕਾਨਦਾਰਾਂ ਤੋਂ ਪੁੱਛਣ ਲੱਗੇ, "ਇਹ ਕਾਮਰੇਡ ਆ....ਬੜਾ ਔਖਾ ਸੀ।" ਇੱਕ ਦੁਕਾਨ ਵਾਲਾ ਕਹਿੰਦਾ , "ਕਾਮਰੇਡ ਦਾ ਤਾਂ ਪਤਾ ਨੀ, ਪਰ ਇੰਨਾਂ ਪਤਾ, ਪਈ ਇਹ ਕਿਸੇ ਨਾਲ ਨਜਾਇਜ਼ ਨਹੀਂ ਹੋਣ ਦਿੰਦਾ।"

oooo

## ਇਨਸਾਨੀਅਤ ਮਰ ਗਈ

ਦੀਵਾਲੀ ਦੀ ਰਾਤ ਪੂਰੀ ਕਾਇਨਾਤ ਲਈ ਖੁਸ਼ੀਆਂ ਦੀ ਰਾਤ ਸੀ ਪਰ ਉਹਨਾਂ ਦੇ ਟੱਬਰ ਲਈ ਮੌਤ ਦੇ ਸਾਏ ਹੇਠ ਜ਼ਿੰਦਗੀ ਦੀ ਰਾਤ ਬਣ ਗਈ ਸੀ। ਦੁਸ਼ਮਣਾਂ ਦੀ ਫ਼ੌਜ਼ ਉਹਨਾਂ ਦੇ ਘਰ ਤੇ ਚੜ੍ਹਾਈ ਕਰ ਆਈ ਸੀ, ਤੇ ਫਿਰ ਉਹਨਾਂ ਦੀਆਂ ਕ੍ਰਿਪਾਨਾਂ ਨੇ ਇਹ ਨਹੀਂ ਦੇਖਿਆ ਸੀ ਕਿ ਮੂਹਰੇ ਕੋਈ ਨਿਆਣਾ ਹੈ ਜਾਂ ਸਿਆਣਾ.....ਪੂਰੇ ਦੇ ਪੂਰੇ ਟੱਬਰ ਦਾ ਵੱਢ ਵਢਾਂਗਾ ਕਰ ਦੁਸ਼ਮਣਾਂ ਦੀ ਫ਼ੌਜ਼ ਲਲਕਾਰੇ ਮਾਰਦੀ ਭੱਜ ਗਈ ਸੀ।

ਪੂਰਾ ਪਿੰਡ ਵਸਦਾ ਸੀ.....ਸਭ ਨੂੰ ਪਤਾ ਲੱਗ ਗਿਆ ਸੀ ਕਿ ਪਿੰਡ ਵਿਚ ਕੋਈ ਭਿਆਨਕ ਵਾਰਦਾਤ ਹੋ ਗਈ.....ਪਰ ਕੋਈ ਵੀ ਉਹਨਾਂ ਤੜਫਦੇ, ਵੱਢੇ ਟੁੱਕੇ ਅਤੇ ਆਪਣੇ ਬਚਾਅ ਲਈ ਹੱਥ ਜੋੜਦੇ ਪਰਿਵਾਰ ਦੀ ਮੱਦਦ ਕਰਨ ਲਈ ਅੱਗੇ ਨਾ ਆਇਆ.....ਦਹਿਸ਼ਤ ਦੀ ਸ਼ਾਇਦ .....ਜੇ ਕੋਈ ਉਨ੍ਹਾਂ ਦੀ ਮਦਦ ਦੀ ਪੁਕਾਰ ਲੈ ਤੁਰਿਆ ਵੀ ਤਾਂ ਉਸ ਦਾ ਵੀ ਕਿਸੇ ਨੇ ਸਾਥ ਨਾ ਦਿੱਤਾ, ਸਭ ਡਰਦੇ ਮਾਰੇ ਆਪਣੇ ਕੰਧਾਂ ਕੌਲਿਆਂ ਨਾਲ ਲੱਗੇ ਬੈਠੇ ਸੀ.....ਉਹ ਤੜਫਦੇ ਰਹੇ....ਇਨਸਾਨੀਅਤ ਕੁਰਲਾਉਂਦੀ ਰਹੀ.....ਉਹ ਹੋਰ ਤੜਫੇ....ਇਨਸਾਨੀਅਤ ਹੋਰ ਕੁਰਲਾਈ ਅਤੇ ਅਖ਼ੀਰ ਤੜਫ ਤੜਫ਼ ਕੇ ਇਨਸਾਨੀਅਤ ਮਰ ਗਈ.....ਤੇ ਰਹਿ ਗਿਆ ਖ਼ੂਨ ਦਾ ਵਗਿਆ ਦਰਿਆ ਸਵੇਰ ਹੋਈ.....ਦਿਨ ਚੜ੍ਹਿਆ.....ਸਭ ਦੱਬੀ ਘੁੱਟੀ ਆਵਾਜ਼ ਵਿਚ ਕਹਿ ਰਹੇ ਸਨ, ਬੜਾ ਮਾੜਾ ਹੋਇਆ.....ਬੜਾ ਮਾੜਾ ਹੋਇਆ.....।

oooo

## ਰਾਵਣ ਰਾਜ

ਐਤਕੀਂ ਦੁਸਹਿਰੇ ਤੇ ਮੈਂ ਆਪਣੇ ਕਈ ਦੋਸਤਾਂ ਨੂੰ ਉਹਨਾਂ ਦੇ ਮੋਬਾਇਲ ਤੇ ਮੈਸਿਜ ਭੇਜਿਆ, "ਵੀਰ ਜੀ, ਦੁਸਿਹਰਾ ਮੁਬਾਰਕ ਹੋਵੇ।" ਬਹੁਤਿਆਂ ਨੇ ਜਵਾਬ ਵਿਚ ਕਿਹਾ, ਤੁਹਾਨੂੰ ਵੀ ਦੁਸਹਿਰਾ ਮੁਬਾਰਕ ਹੋਵੇ, ਪਰ ਇਕ ਗਹਿਰ ਗੰਭੀਰ ਦੋਸਤ ਦੇ ਮੈਸਿਜ ਨੇ ਮੈਨੂੰ ਧੁਰ ਅੰਦਰ ਤੱਕ ਹਲੂਣ ਦਿੱਤਾ, ਉਸ ਨੇ ਲਿਖਿਆ ਸੀ, "ਹਾਂ ਉਦੋਂ ਰਾਮ ਸੂਰਮਾ ਸੀ, ਅਣਖਾਂ ਦਾ ਅਲੰਬਰਦਾਰ, ਜਿਸ ਨੇ ਆਪਣੀ ਔਰਤ ਉਧਾਲ ਕੇ ਲੈ ਜਾਣ ਵਾਲੇ ਰਾਵਣ ਦੀ ਸਮੁੰਦਰਾਂ ਤੋਂ ਪਾਰ ਜਾ ਅਲਖ ਮੁਕਾ ਦਿੱਤੀ ਸੀ। ਅੱਜ ਹਰ ਰੋਜ਼ ਸੀਤਾਵਾਂ ਦੇ ਉਧਾਲੇ ਹੁੰਦੇ, ਇੱਜ਼ਤਾਂ ਦੇ ਲੰਗਾਰ ਉੱਡਦੇ, ਹਜ਼ਾਰਾਂ ਜਾਨਕੀਆਂ ਅਪਮਾਨ ਦੀ ਅੱਗ ਵਿਚ ਸੜਦੀਆਂ, ਇੱਕ ਜਿਉਣ ਦੇ ਹੱਕ ਲਈ ਤਿਲ ਤਿਲ ਮਰਦੀਆਂ ਰਾਵਣ ਉੱਚੀ ਉੱਚੀ ਠਹਾਕੇ ਲਾਉਂਦੈ......"ਰਾਮ ਕਿੱਥੇ ਹੈ?"......ਤੇ ਮੈਂ ਅੱਜ ਦੇ ਇਸ ਰਾਵਣ ਰਾਜ ਵਿਚ ਹੋ ਰਹੇ ਸੀਤਾਵਾਂ ਤੇ ਅੱਤਿਆਚਾਰਾਂ ਦੀ ਦਲਦਲ ਵਿਚ ਗਵਾਚ ਗਿਆ।

oooo

## ਗੁਰੂ ਘਰ ਦਾ ਪਿਆਰ

ਗੁਰਦੁਵਾਰੇ ਦੇ ਭਾਈ ਦੀ ਸਪੀਕਰ 'ਚੋਂ ਆਵਾਜ਼ ਆਈ, "ਸਾਧ ਸੰਗਤ ਆਪਣੇ ਘਰ ਦੇ ਕੰਮਾਂ ਨੂੰ ਛੱਡਦੇ ਹੋਏ, ਗੁਰੂ ਘਰ ਪਹੁੰਚੋ ਅਤੇ ਰਸਭਿੰਨੀ ਗੁਰਬਾਣੀ ਦਾ ਆਨੰਦ ਮਾਣੋ! ਪ੍ਰਭਾਤ ਫੇਰੀ ਤੁਰਨ ਵਾਲੀ ਹੈ ਤੇ ਅੱਜ ਤਾ ਚਾਹ ਦਾ ਲੰਗਰ ਸੰਤੋਖ ਸਿੰਘ ਦੇ ਘਰ ਹੈ, ਚਾਹ ਨਾਲ ਪਕੌੜੇ ਅਤੇ ਮਠਿਆਈ ਦਾ ਲੰਗਰ ਅਤੁੱਟ ਵਰਤੇਗਾ....ਜੇ ਕੋਈ ਪ੍ਰਭਾਤ ਫੇਰੀ ਨਾਲ ਨਹੀਂ ਜਾ ਸਕਦਾ ਤਾਂ ਉਹ ਸਿੱਧਾ ਉਹਨਾਂ ਘਰ ਪਹੁੰਚ ਕੇ ਚਾਹ ਪਾਣੀ ਛਕ ਸਿੱਧੇ ਹੀ ਆਪਣੇ ਘਰ ਪਹੁੰਚ ਗਏ.....ਤੇ ਮੈਂ ਇਸ ਸ਼ਸ਼ੋਪੰਜ ਵਿਚ ਪਿਆ ਰਿਹਾ ਕਿ ਇਹ ਗੁਰੂ ਘਰ ਦਾ ਪਿਆਰ ਹੈ ਜਾਂ ਗੁਰੂ ਘਰ ਦੇ ਲੰਗਰ ਦਾ.....।

oooo

## ਮਿਹਨਤੀ ਇਨਸਾਨ-ਪਰਮਜੀਤ ਪੰਮਾ ਪੇਂਟਰ



ਪਰਮਜੀਤ ਪੰਮਾ ਪੇਂਟਰ

ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਪਿੰਡੇ ਤੇ ਹੰਢਾਉਣ ਵਾਲਾ ਕਹਾਣੀਕਾਰ ਪਰਮਜੀਤ ਪੰਮਾ ਪੇਂਟਰ ਮਿਹਨਤੀ ਅਤੇ ਲਗਨ ਵਾਲਾ ਇਨਸਾਨ ਹੈ। ਉਹ ਆਪਣੇ ਅੰਦਰ ਹੌਂਸਲਾ ਅਤੇ ਦ੍ਰਿੜ੍ਹਤਾ ਭਰ ਕੇ ਜੀਵਨ ਦੀ ਲੰਮ-ਸੁਲੰਮੀ ਯਾਤਰਾ ਤੇ ਅਜਿਹਾ ਨਿੱਕਲਿਆ ਕਿ ਸਾਹਿਤ ਜਗਤ ਅੰਦਰ ਸੰਦਲੀ ਪੈੜਾਂ ਦੀ ਸਿਰਜਣਾ ਕਰਨ ਲੱਗ ਪਿਆ। ਕਦੀ ਬਾਲਾਂ ਲਈ ਗੀਤ ਤੇ ਕਵਿਤਾਵਾਂ ਲਿਖਦਾ। ਕਦੀ ਮਿੰਨੀ ਕਹਾਣੀ ਤੇ ਕਦੀ ਕਿਸੇ ਗਾਇਕ ਪਾਸੋਂ ਆਪਣੇ ਗੀਤ ਰਿਕਾਰਡ ਕਰਵਾਉਂਦਾ। ਇਸ ਤਰ੍ਹਾਂ ਉਹ ਇਕ ਬਹੁਪੱਖੀ ਸਾਹਿਤਕਾਰ ਬਣ ਕੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਲੱਗ ਪਿਆ। ਸਮਾਜ ਵਿਚ ਆਏ ਨਿਘਾਰਾਂ ਨੂੰ ਉਹ ਆਪਣੀਆਂ ਕਹਾਣੀਆਂ ਰਾਹੀਂ ਬੜੀ ਸਫਲਤਾ ਨਾਲ ਟੁੰਬਦਾ ਹੈ। ਉਸ ਦੀਆਂ ਮਿੰਨੀ ਕਹਾਣੀਆਂ ਕਿਸੇ ਹੰਢੇ ਹੋਏ ਸਾਹਿਤਕਾਰ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹਨ।

*-ਬਲਜਿੰਦਰ ਮਾਨ, ਸੰਪਾਦਕ 'ਨਿੱਕੀਆਂ ਕਰੂੰਬਲਾਂ'*

## ਜ਼ਿੰਦਗੀ ਦੇ ਰੰਗਾਂ ਸੰਗ ਘੁਲਦਾ-ਪੰਮਾ ਪੇਂਟਰ

ਹੁਸ਼ਿਆਰਪੁਰ ਇਲਾਕੇ ਵਿਚ ਕੋਈ ਵੀ ਸਾਹਿਤਕ ਸਮਾਗਮ ਹੋਵੇ, ਪੰਮੇ ਦੀ ਪੋਸਟਰ ਪ੍ਰਦਰਸ਼ਨੀ ਹਰ ਇਕ ਲਈ ਖਿੱਚ ਦਾ ਕੇਂਦਰ ਹੁੰਦੀ ਹੈ। ਕਿੱਤੇ ਵਜੋਂ ਪੇਂਟਰ ਪਰਮਜੀਤ ਪੰਮਾ ਨੇ ਆਪਣੀ ਇਸ ਕਲਾ ਨੂੰ ਸਾਹਿਤ ਨਾਲ ਜੋੜਦਿਆਂ, ਚੋਣਵੇਂ ਸ਼ੇਅਰ ਜਾਂ ਮਿਸਰੇ ਲੈ ਕੇ ਸੈਂਕੜੇ ਪੋਸਟਰਾਂ ਤੇ ਬੁਰਸ਼ ਚਲਾਉਂਦਿਆਂ ਉਘਾੜੇ ਹਨ। ਇਸ ਤਰ੍ਹਾਂ ਉਹ ਸਾਹਿਤ ਪਿੱਛੇ ਸ਼ੁਦਾਈ ਹੈ। ਜਿੱਥੇ ਉਹ ਉੱਘੇ ਲੇਖਕਾਂ ਦੀਆਂ ਲਿਖਤਾਂ ਸੰਭਾਲਦੈ, ਉੱਥੇ ਆਪ ਵੀ ਕੋਸ਼ਿਸ਼ ਕਰਦੈ, ਬੁਰਸ਼ ਦੀ ਥਾਂ ਕਲਮ ਫੜਕੇ....ਮਿੰਨੀ ਕਹਾਣੀ ਨੂੰ ਉਸ ਨੇ ਮੁੱਖ ਵੰਨਗੀ ਵਜੋਂ ਅਪਣਾਇਆ ਹੋਇਆ ਹੈ। ਉਹ ਇਕ ਸਧਾਰਨ ਮਨੁੱਖੀ ਕਿਰਦਾਰ ਹੈ ਅਤੇ ਬੜੇ ਹੀ ਨਿੱਘੇ, ਮਿਲਾਪੜੇ ਸੁਭਾਅ ਦਾ....ਜੀਨਸ ਦੇ ਯੁੱਗ ਵਿਚ ਵੀ ਉਹ ਪਜਾਮਾ ਪਹਿਨਣ ਨੂੰ ਪਹਿਲ ਦਿੰਦੈ। ਪਿਤਾ ਸ੍ਰੀ ਹਰਭਜਨ ਸਿੰਘ ਅਤੇ ਮਾਤਾ ਕਾਂਤਾ ਰਾਣੀ ਦੇ ਇਸ ਸਪੁੱਤਰ ਦਾ ਜੱਦੀ ਪਿੰਡ ਜਿਲ੍ਹਾ ਹੁਸ਼ਿਆਰਪੁਰ ਵਿਚ ਜਾਂਗਲੀਆਨਾ ਹੈ ਅਤੇ ਜਨਮਿਆਂ ਸੀ ਆਪਣੇ ਨਾਨਕੇ ਪਿੰਡ ਧਮਾਈ ਵਿਖੇ, ਇਸ ਦੇ ਮਿੰਨੀ ਕਹਾਣੀ ਸੰਗ੍ਰਹਿ 'ਚਿੜੀਆਂ' ਦੀ ਆਮਦ 'ਤੇ ਮੈਨੂੰ ਅਥਾਹ ਖੁਸ਼ੀ ਹੈ,

"ਚਿੜੀਆਂ ਚੋਗ ਚੁਗੇਂਦੀਆਂ ਰਹਿਣਾ, ਅੱਜ ਇੱਥੇ ਕੱਲ੍ਹ ਉੱਥੇ,
ਆਪਣਾ ਆਲ੍ਹਣਾ ਕਦੇ ਨਾ ਮਿਲਿਆ, ਸਾਰੇ ਦਾਅਵੇ ਥੋਥੇ।"

*-ਮਛਾਰ ਕਰਤਾਰਵੀ*

ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ।